HIGH STANDARD NEWS

# ਹਾਈ ਸਟੈਂਡਰਡ ਨਿਊਜ਼

HIGHSTANDARDNEWS

Date 11.07.2024

www.hsnnews.in | PUNPUN/2024/86289 | President:-Shailzadwivedi | Email:info@hsnnews.in

Vol.11 | July 2024 | Published in Punjab | Pages 8

## ਸੰਸਦ ਦੀ ਸੁਰੱਖਿਆ ਸੰਭਾਲਣ ਦੀ ਤਿਆਰੀ ’ਚ ਸੀ. ਆਈ. ਐੱਸ. ਐੱਫ.



ਕੇਂਦਰੀ ਉਦਯੋਗਿਕ ਸੁਰੱਖਿਆ ਫੋਰਸ (ਸੀ. ਆਈ. ਐੱਸ. ਐੱਫ.) ਰਸਮੀ ਤੌਰ ’ਤੇ ਸੰਸਦ ਭਵਨ ਕੰਪਲੈਕਸ ਦੀ ਸੁਰੱਖਿਆ ਸੰਭਾਲਣ ਦੀ ਤਿਆਰੀ ਕਰ ਰਹੀ ਹੈ। ਇਸ ਦੀ 3300 ਤੋਂ ਵੱਧ ਜਵਾਨਾਂ ਦੀ ਟੁਕੜੀ ਰਸਮੀ ਤੌਰ ’ਤੇ 29 ਅਧਿਕਾਰੀਆਂ ਨਾਲ ਤਾਇਨਾਤ ਕੀਤੀ ਜਾ ਰਹੀ ਹੈ। ਅਧਿਕਾਰਤ ਸੂਤਰਾਂ ਨੇ ਬੁੱਧਵਾਰ ਇਹ ਜਾਣਕਾਰੀ ਦਿੱਤੀ। ਸੂਤਰਾਂ ਨੇ ਦੱਸਿਆ ਕਿ ਉਕਤ 29 ਅਧਿਕਾਰੀ 3317 ਮਰਦ ਤੇ ਮਹਿਲਾ ਮੁਲਾਜ਼ਮਾਂ ਦੀ ਟੁਕੜੀ ਦੀ ਅਗਵਾਈ ਕਰਨਗੇ। ਇਨ੍ਹਾਂ ’ਚ ਇਕ ਡਿਪਟੀ ਇੰਸਪੈਕਟਰ ਜਨਰਲ (ਡੀ.ਆਈ.ਜੀ.), ਇਕ ਸੀਨੀਅਰ ਕਮਾਂਡੈਂਟ, 2 ਕਮਾਂਡੈਂਟ, 7 ਡਿਪਟੀ ਕਮਾਂਡੈਂਟ ਤੇ 18 ਸਹਾਇਕ ਕਮਾਂਡੈਂਟ ਸ਼ਾਮਲ ਹੋਣਗੇ। ਸੂਤਰਾਂ ਨੇ ਦੱਸਿਆ ਕਿ ਇਨ੍ਹਾਂ ’ਚੋਂ 2 ਅਧਿਕਾਰੀ ਫਾਇਰ ਬ੍ਰਾਂਚ ਦੇ ਹਨ ਕਿਉਂਕਿ ਫੋਰਸ ਨੇ ਆਪਣੀ ਫਾਇਰ ਫਾਈਟਿੰਗ ਯੂਨਿਟ ਵੀ ਇੱਥੇ ਤਾਇਨਾਤ ਕਰ ਦਿੱਤੀ ਹੈ। ਇਸ ਸਲ ਮਈ ’ਚ ਸੀ. ਆਰ. ਪੀ.ਐਫ. ਅਤੇ ਦਿੱਲੀ ਪੁਲਸ ਤੋਂ ਜ਼ਿੰਮੇਵਾਰੀ ਸੰਭਾਲਣ ਪਿੱਛੋਂ ਉਕਤ ਕੇਂਦਰੀ ਫੋਰਸ ਸੁਤੰਤਰ ਤੌਰ ’ਤੇ ਸੰਸਦ ਭਵਨ ਦੀ ਸੁਰੱਖਿਆ ਕਰੇਗੀ।

## ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ ਸਾਇਨਾ ਨਹਿਵਾਲ ਦੇ ਨਾਲ ਖੇਡਿਆ ਬੈਡਮਿੰਟਨ



ਰਾਸ਼ਟਰਪਤੀ ਦ੍ਰੋਪਦੀ ਮੁਰਮੂ ਦਾ ਖੇਡਾਂ ਪ੍ਰਤੀ ਸੁਭਾਵਿਕ ਪਿਆਰ ਉਸ ਸਮੇਂ ਦੇਖਣ ਨੂੰ ਮਿਲਿਆ ਜਦੋਂ ਬੁੱਧਵਾਰ ਨੂੰ ਉਨ੍ਹਾਂ ਨੂੰ ਰਾਸ਼ਟਰਪਤੀ ਭਵਨ ਦੇ ਕੋਰਟ 'ਤੇ ਅਨੁਭਵੀ ਖਿਡਾਰਨ ਸਾਇਨਾ ਨੇਹਵਾਲ ਨਾਲ ਬੈਡਮਿੰਟਨ ਖੇਡਦੇ ਦੇਖਿਆ ਗਿਆ। ਰਾਸ਼ਟਰਪਤੀ ਮੁਰਮੂ ਨੇ ਅੱਜ ਸੋਸ਼ਲ ਮੀਡੀਆ ਪਲੇਟਫਾਰਮ 'ਤੇ ਸਾਇਨਾ ਨੇਹਵਾਲ ਨਾਲ ਬੈਡਮਿੰਟਨ ਖੇਡਦੇ ਹੋਏ ਖੁਦ ਦੀਆਂ ਕੁਝ ਤਸਵੀਰਾਂ ਸਾਂਝੀਆਂ ਕਰਦੇ ਹੋਏ ਲਿਖਿਆ ਕਿ ਇਹ ਪ੍ਰੇਰਨਾਦਾਇਕ ਕਦਮ ਭਾਰਤ ਦੇ ਬੈਡਮਿੰਟਨ ਜਗਤ ਵਿੱਚ ਇੱਕ ਪਾਵਰਹਾਊਸ ਦੇ ਰੂਪ ਵਿੱਚ ਉਭਰਨ ਦੇ ਅਨੁਰੂਪ ਹੈ, ਜਿਸ ਵਿੱਚ ਮਹਿਲਾ ਖਿਡਾਰਨਾਂ ਨੇ ਵਿਸ਼ਵ ਪੱਧਰ 'ਤੇ ਵੱਡਾ ਪ੍ਰਭਾਵ ਪਾਇਆ ਹੈ।ਉਨ੍ਹਾਂ ਕਿਹਾ ਕਿ ਪਦਮ ਪੁਰਸਕਾਰ ਜੇਤੂਆਂ ਦੀ 'ਉਨ੍ਹਾਂ ਦੀ ਕਹਾਣੀ-ਮੇਰੀ ਕਹਾਣੀ' ਲੈਕਚਰ ਲੜੀ ਦੇ ਹਿੱਸੇ ਵਜੋਂ, ਪਦਮ ਸ਼੍ਰੀ ਅਤੇ ਪਦਮ ਭੂਸ਼ਣ ਨਾਲ ਸਨਮਾਨਿਤ ਭਾਰਤੀ ਖਿਡਾਰਨ ਸਾਇਨਾ ਨੇਹਵਾਲ ਭਲਕੇ ਰਾਸ਼ਟਰਪਤੀ ਭਵਨ ਸੱਭਿਆਚਾਰਕ ਕੇਂਦਰ ਵਿਖੇ ਇੱਕ ਭਾਸ਼ਣ ਦੇਵੇਗੀ ਅਤੇ ਦਰਸ਼ਕਾਂ ਨਾਲ ਗੱਲਬਾਤ ਕਰੇਗੀ।

## ਆਸਟ੍ਰੀਆ ਦਾ ਉਤਸ਼ਾਹ ਅਦਭੁਤ; ਸਫਲ ਯਾਤਰਾ ਤੋਂ ਬਾਅਦ ਭਾਰਤ ਲਈ ਰਵਾਨਾ ਹੋਏ PM ਮੋਦੀ



ਪ੍ਰਧਾਨ ਮੰਤਰੀ ਨਰਿੰਦਰ ਮੋਦੀ ਰੂਸ ਅਤੇ ਆਸਟ੍ਰੀਆ ਦਾ ਦੌਰਾ ਪੂਰਾ ਕਰਨ ਤੋਂ ਬਾਅਦ ਬੁੱਧਵਾਰ ਨੂੰ ਸਵਦੇਸ਼ ਲਈ ਰਵਾਨਾ ਹੋ ਗਏ। ਇਸ ਦੌਰੇ ਦੌਰਾਨ ਪ੍ਰਧਾਨ ਮੰਤਰੀ ਮੋਦੀ ਨੇ ਦੋਵਾਂ ਦੇਸ਼ਾਂ ਦੀ ਚੋਟੀ ਦੀ ਲੀਡਰਸ਼ਿਪ ਨਾਲ ਗੱਲਬਾਤ ਕੀਤੀ ਅਤੇ ਦੁਵੱਲੇ ਸਹਿਯੋਗ ਨੂੰ ਵਧਾਉਣ ਦੇ ਤਰੀਕਿਆਂ 'ਤੇ ਚਰਚਾ ਕੀਤੀ। ਪ੍ਰਧਾਨ ਮੰਤਰੀ ਦਫ਼ਤਰ ਨੇ ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' 'ਤੇ ਇੱਕ ਪੋਸਟ ਵਿੱਚ ਕਿਹਾ, "ਪ੍ਰਧਾਨ ਮੰਤਰੀ ਨਰਿੰਦਰ ਮੋਦੀ ਆਸਟ੍ਰੀਆ ਦਾ ਸਫਲ ਦੌਰਾ ਪੂਰਾ ਕਰਨ ਤੋਂ ਬਾਅਦ ਨਵੀਂ ਦਿੱਲੀ ਲਈ ਰਵਾਨਾ ਹੋ ਗਏ।

ਇਸ ਦੌਰੇ ਦੌਰਾਨ ਮੋਦੀ ਸਭ ਤੋਂ ਪਹਿਲਾਂ ਰੂਸ ਗਏ, ਜਿੱਥੇ ਉਨ੍ਹਾਂ ਨੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨਾਲ 22ਵੇਂ ਭਾਰਤ-ਰੂਸ ਸੰਮੇਲਨ ਵਿੱਚ ਹਿੱਸਾ ਲਿਆ। ਪ੍ਰਧਾਨ ਮੰਤਰੀ ਮੋਦੀ ਨੂੰ ਮੰਗਲਵਾਰ ਨੂੰ ਪੁਤਿਨ ਦੁਆਰਾ ਅਧਿਕਾਰਤ ਤੌਰ 'ਤੇ 'ਆਰਡਰ ਆਫ ਸੇਂਟ ਐਂਡਰਿਊ ਅਪੋਸਲ' ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। ਮੋਦੀ ਨੂੰ ਇਹ ਸਨਮਾਨ ਦੋਹਾਂ ਦੇਸ਼ਾਂ ਦਰਮਿਆਨ ਦੁਵੱਲੇ ਸਬੰਧਾਂ ਨੂੰ ਅੱਗੇ ਵਧਾਉਣ ਲਈ ਉਨ੍ਹਾਂ ਦੇ ਯੋਗਦਾਨ ਲਈ ਦਿੱਤਾ ਗਿਆ ਹੈ। ਰੂਸ ਤੋਂ ਬਾਅਦ ਮੋਦੀ ਨੇ ਆਸਟ੍ਰੀਆ ਦੀ ਯਾਤਰਾ ਕੀਤੀ। ਪ੍ਰਧਾਨ ਮੰਤਰੀ ਮੋਦੀ ਨੇ 'ਐਕਸ' 'ਤੇ ਇਕ ਪੋਸਟ 'ਚ ਕਿਹਾ, ''ਮੇਰੀ ਆਸਟ੍ਰੀਆ ਯਾਤਰਾ ਇਤਿਹਾਸਕ ਅਤੇ ਬਹੁਤ ਸਾਰਥਕ ਰਹੀ ਹੈ। ਸਾਡੇ ਦੇਸ਼ਾਂ ਦੀ ਦੋਸਤੀ ਵਿੱਚ ਇੱਕ ਨਵੀਂ ਊਰਜਾ ਆਈ ਹੈ। ਮੈਂ ਵਿਆਨਾ ਵਿੱਚ ਵੱਖ-ਵੱਖ ਸਮਾਗਮਾਂ ਵਿੱਚ ਹਿੱਸਾ ਲੈ ਕੇ ਖੁਸ਼ ਹਾਂ।'' ਮੋਦੀ ਨੇ ਦੋਵਾਂ ਦੇਸ਼ਾਂ ਵਿੱਚ ਭਾਰਤੀ ਭਾਈਚਾਰੇ ਦੇ ਮੈਂਬਰਾਂ ਨੂੰ ਵੀ ਸੰਬੋਧਨ ਕੀਤਾ।ਪੀ.ਐਮ ਮੋਦੀ ਨੇ ਕਿਹਾ, ਹਾਲ ਹੀ ਵਿੱਚ ਹੋਈਆਂ ਚੋਣਾਂ ਵਿੱਚ 650 ਮਿਲੀਅਨ ਲੋਕਾਂ ਨੇ ਵੋਟਿੰਗ ਕੀਤੀ ਅਤੇ ਨਤੀਜੇ ਕੁਝ ਘੰਟਿਆਂ ਵਿੱਚ ਐਲਾਨ ਦਿੱਤੇ ਗਏ। ਇਹ ਸਾਡੇ ਚੋਣ ਲੋਕਤੰਤਰ ਦੀ ਤਾਕਤ ਹੈ। ਭਾਰਤ ਨੇ ਹਮੇਸ਼ਾ ਦੁਨੀਆ ਨੂੰ ਸ਼ਾਂਤੀ ਅਤੇ ਖੁਸ਼ਹਾਲੀ ਦਿੱਤੀ ਹੈ। ਭਾਰਤ 2047 ਵਿੱਚ ਇੱਕ ਵਿਕਸਤ ਰਾਸ਼ਟਰ ਵਜੋਂ ਆਪਣੀ ਆਜ਼ਾਦੀ ਦੇ 100 ਸਾਲਾਂ ਦਾ ਜਸ਼ਨ ਮਨਾਏਗਾ। ਅੱਜ ਭਾਰਤ ਸਭ ਤੋਂ ਉੱਤਮ, ਸਭ ਤੋਂ ਚਮਕਦਾਰ, ਸਭ ਤੋਂ ਮਹਾਨ ਅਤੇ ਸਭ ਤੋਂ ਉੱਚੇ ਮੀਲ ਪੱਥਰਾਂ 'ਤੇ ਪਹੁੰਚਣ ਲਈ ਕੰਮ ਕਰ ਰਿਹਾ ਹੈ। ਘਰ ਰਵਾਨਾ ਹੋਣ ਤੋਂ ਪਹਿਲਾਂ ਪ੍ਰਧਾਨ ਮੰਤਰੀ ਮੋਦੀ ਨੇ ਆਸਟ੍ਰੀਆ ਦੀ ਆਪਣੀ ਪਹਿਲੀ ਫੇਰੀ ਨੂੰ ‘ਸਾਰਥਕ’ ਦੱਸਿਆ।

## ਲੱਦਾਖ 'ਚ ਬਰਫ਼ਬਾਰੀ ਦੀ ਲਪੇਟ 'ਚ ਆਏ 3 ਫ਼ੌਜੀਆਂ ਦੀਆਂ 9 ਮਹੀਨਿਆਂ ਪਿੱਛੋਂ ਮਿਲੀਆਂ ਲਾਸ਼ਾਂ



ਲੱਦਾਖ ਵਿਚ ਪਿਛਲੇ ਸਾਲ ਅਕਤੂਬਰ 'ਚ ਇਕ ਪਰਬਤਾਰੋਹੀ ਮੁਹਿੰਮ ਦੌਰਾਨ 18,300 ਫੁੱਟ ਦੀ ਉਚਾਈ 'ਤੇ ਬਰਫ਼ਬਾਰੀ ਵਿਚ ਚਾਰ ਫ਼ੌਜੀਆਂ ਦੀ ਮੌਤ ਹੋ ਗਈ ਸੀ, ਜਿਨ੍ਹਾਂ ਵਿਚੋਂ ਤਿੰਨ ਜਵਾਨਾਂ ਦੀਆਂ ਲਾਸ਼ਾਂ ਬਰਾਮਦ ਕਰ ਲਈਆਂ ਗਈਆਂ ਹਨ। ਰੱਖਿਆ ਸੂਤਰਾਂ ਨੇ ਇਹ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਹੌਲਦਾਰ ਰੋਹਿਤ ਕੁਮਾਰ, ਹੌਲਦਾਰ ਠਾਕੁਰ ਬਹਾਦੁਰ ਆਲੇ ਅਤੇ ਨਾਇਕ ਗੌਤਮ ਰਾਜਵੰਸ਼ੀ ਡੂੰਘੀ ਖੱਡ ਵਿਚ ਫਸ ਗਏ ਸਨ ਅਤੇ ਉਨ੍ਹਾਂ ਦੀਆਂ ਲਾਸ਼ਾਂ ਕਰੀਬ 9 ਮਹੀਨਿਆਂ ਤੋਂ ਬਰਫ਼ ਦੀਆਂ ਮੋਟੀਆਂ ਪਰਤਾਂ ਵਿਚ ਦੱਬੀਆਂ ਹੋਈਆਂ ਸਨ। ਰੱਖਿਆ ਸੂਤਰਾਂ ਨੇ ਦੱਸਿਆ ਕਿ ਉਨ੍ਹਾਂ ਦੀਆਂ ਲਾਸ਼ਾਂ ਪਿਛਲੇ ਇਕ ਹਫ਼ਤੇ ਵਿਚ ਬਰਾਮਦ ਕੀਤੀਆਂ ਗਈਆਂ ਹਨ। ਉਨ੍ਹਾਂ ਦੱਸਿਆ ਕਿ ਹਾਦਸੇ ਵਿਚ ਮਾਰੇ ਗਏ ਚੌਥੇ ਸਿਪਾਹੀ ਲਾਂਸ ਨਾਇਕ ਸਟੈਨਜਿਨ ਟਾਰਗੇਸ ਦੀ ਲਾਸ਼ ਹਾਦਸੇ ਤੋਂ ਬਾਅਦ ਬਰਾਮਦ ਕਰ ਲਈ ਗਈ ਹੈ। ਰੱਖਿਆ ਸੂਤਰਾਂ ਨੇ ਦੱਸਿਆ ਕਿ ਜੁਲਾਈ 2023 ਵਿਚ ਫੌਜ ਦੇ ਅਧੀਨ ਗੁਲਮਰਗ ਵਿਚ ਕੰਮ ਕਰਨ ਵਾਲੇ ਇਕ ਕੁਲੀਨ ਸਿਖਲਾਈ ਸੰਸਥਾ ਹਾਈ ਅਲਟੀਟਿਊਡ ਵਾਰਫੇਅਰ ਸਕੂਲ (ਐੱਚਏਡਬਲਯੂਐੱਸ) ਦੀ 38 ਮੈਂਬਰੀ ਮੁਹਿੰਮ ਟੀਮ ਲੱਦਾਖ ਦੇ ਕੇਂਦਰ ਸ਼ਾਸਿਤ ਪ੍ਰਦੇਸ਼ ਵਿਚ ਮਾਊਂਟ ਕੁਨ ਨੂੰ ਫ਼ਤਹਿ ਕਰਨ ਲਈ ਰਵਾਨਾ ਹੋਈ ਸੀ।

## ਆਸਟ੍ਰੀਆ ਦਾ ਉਤਸ਼ਾਹ ਅਦਭੁਤ; ਸਫਲ ਯਾਤਰਾ ਤੋਂ ਬਾਅਦ ਭਾਰਤ ਲਈ ਰਵਾਨਾ ਹੋਏ PM ਮੋਦੀ



ਤ੍ਰਿਣਮੂਲ ਕਾਂਗਰਸ (TMC) ਦੇ ਸੀਨੀਅਰ ਨੇਤਾ ਅਤੇ ਸੰਸਦ ਮੈਂਬਰ ਸੌਗਤ ਰਾਏ ਨੇ ਦਾਅਵਾ ਕੀਤਾ ਕਿ ਉਨ੍ਹਾਂ ਨੂੰ ਫੋਨ 'ਤੇ ਧਮਕੀ ਮਿਲੀ ਹੈ ਕਿ ਜੇਕਰ ਪਾਰਟੀ ਦੇ ਗ੍ਰਿਫ਼ਤਾਰ ਨੇਤਾ ਜਯੰਤ ਸਿੰਘ ਨੂੰ ਜਲਦ ਹੀ ਰਿਹਾਅ ਨਹੀਂ ਕੀਤਾ ਗਿਆ, ਤਾਂ ਉਨ੍ਹਾਂ ਜਾਨ ਤੋਂ ਮਾਰ ਦਿੱਤਾ ਜਾਵੇਗਾ। ਪੱਛਮੀ ਬੰਗਾਲ ਦੇ ਉੱਤਰੀ-24 ਪਰਗਨਾ ਜ਼ਿਲ੍ਹੇ ਦੇ ਅਰੀਯਾਦਾਹਾ ਇਲਾਕੇ ਤੋਂ ਆਉਣ ਵਾਲੇ ਜਯੰਤ 30 ਜੂਨ ਨੂੰ ਭੀੜ ਵਲੋਂ ਕੀਤੀ ਗਈ ਹਿੰਸਾ ਦੀ ਘਟਨਾ ਦੇ ਮੁੱਖ ਸ਼ੱਕੀ ਹਨ ਅਤੇ ਪੁਲਸ ਨੇ ਉਨ੍ਹਾਂ ਨੂੰ ਪਿਛਲੇ ਹਫ਼ਤੇ ਗ੍ਰਿਫ਼ਤਾਰ ਕੀਤਾ ਸੀ। ਅਰੀਯਾਦਾਹਾ ਦਮਦਮ ਲੋਕ ਸਭਾ ਖੇਤਰ ਤਹਿਤ ਆਉਂਦਾ ਹੈ, ਜਿੱਥੋਂ ਸੌਗਤ ਰਾਏ 4 ਵਾਰ ਦੇ ਸੰਸਦ ਮੈਂਬਰ ਹਨ। ਰਾਏ ਨੇ ਦੱਸਿਆ ਕਿ ਮੈਨੂੰ ਇਕ ਅਣਪਛਾਤੇ ਨੰਬਰ ਤੋਂ ਫੋਨ ਆਇਆ। ਫੋਨ ਕਰਨ ਵਾਲੇ ਵਿਅਕਤੀ ਨੇ ਦਾਅਵਾ ਕੀਤਾ ਕਿ ਜੇਕਰ ਮੈਂ ਜਯੰਤ ਸਿੰਘ ਦੀ ਰਿਹਾਈ ਯਕੀਨੀ ਨਹੀਂ ਕਰਵਾਈ ਤਾਂ ਮੇਰਾ ਕਤਲ ਕਰ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਫੋਨ ਕਰਨ ਵਾਲੇ ਵਿਅਕਤੀ ਨੇ ਇਹ ਵੀ ਕਿਹਾ ਕਿ ਜੇਕਰ ਮੈਂ ਅਰੀਯਾਦਾਹਾ ਗਿਆ, ਤਾਂ ਮੈਨੂੰ ਮਾਰ ਦਿੱਤਾ ਜਾਵੇਗਾ। ਧਮਕੀ ਭਰਿਆ ਫੋਨ ਦੋ ਵਾਰ ਆਇਆ ਅਤੇ ਫੋਨ ਕਰਨ ਵਾਲੇ ਵਿਅਕਤੀ ਨੇ ਮੈਨੂੰ ਗਾਲ੍ਹਾਂ ਵੀ ਕੱਢੀਆਂ। ਰਾਏ ਨੇ ਕਿਹਾ ਕਿ ਮੈਂ ਬਰਾਕਪੁਰ ਪੁਲਸ ਕਮਿਸ਼ਨਰ ਨਾਲ ਸੰਪਰਕ ਕੀਤਾ ਅਤੇ ਉਨ੍ਹਾਂ ਤੋਂ ਫੋਨ ਕਰਨ ਵਾਲੇ ਵਿਅਕਤੀ ਦਾ ਨੰਬਰ ਟਰੈਕ ਕਰਨ ਦੀ ਬੇਨਤੀ ਕੀਤੀ। ਮੈਂ ਪੁਲਸ ਵਿਚ ਸ਼ਿਕਾਇਤ ਦਰਜ ਕਰਵਾਈ ਹੈ। ਦੱਸ ਦੇਈਏ ਕਿ ਜਯੰਤ ਨੂੰ 30 ਜੂਨ ਨੂੰ ਕਾਲਜ ਦੇ ਇਕ ਵਿਦਿਆਰਥੀ ਅਤੇ ਉਸ ਦੀ ਮਾਂ ਨਾਲ ਕੁੱਟਮਾਰ ਕਰਨ ਦੇ ਸਬੰਧ ਵਿਚ ਗ੍ਰਿਫ਼ਤਾਰ ਕੀਤਾ ਗਿਆ ਸੀ। ਲੋਕਾਂ ਦੇ ਇਕ ਸਮੂਹ ਵਲੋਂ ਮਾਂ-ਪੁੱਤ ਦੀ ਕੁੱਟਮਾਰ ਕਰਨ ਦਾ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਕੀਤਾ ਗਿਆ ਸੀ। ਪੁਲਸ ਨੇ ਇਕ ਪੁਰਾਣੇ ਵੀਡੀਓ ਦੇ ਪ੍ਰਸਾਰਿਤ ਹੋਣ ਮਗਰੋਂ ਜਯੰਤ ਖਿਲਾਫ਼ ਨੋਟਿੰਸ ਲੈਂਦੇ ਹੋਏ ਮਾਮਲਾ ਦਰਜ ਕੀਤਾ ਗਿਆ। ਜਯੰਤ ਨੂੰ ਇਕ ਹੋਰ ਮਾਮਲੇ ਵਿਚ ਗ੍ਰਿਫ਼ਤਾਰ ਕੀਤਾ ਗਿਆ ਸੀ ਅਤੇ ਉਹ ਜ਼ਮਾਨਤ 'ਤੇ ਬਾਹਰ ਸੀ।

## ਪ੍ਰਤਾਪਗੜ੍ਹ 'ਚ ਆਸਮਾਨੀ ਬਿਜਲੀ ਦੀ ਲਪੇਟ 'ਚ ਆਉਣ ਕਾਰਨ 11 ਲੋਕਾਂ ਦੀ ਮੌਤ

ਉੱਤਰ ਪ੍ਰਦੇਸ਼ ਦੇ ਪ੍ਰਤਾਪਗੜ੍ਹ ਵਿਚ ਆਸਮਾਨੀ ਬਿਜਲੀ ਦੀ ਲਪੇਟ ਵਿਚ ਆਉਣ ਕਾਰਨ ਕੁਲ 11 ਲੋਕਾਂ ਦੀ ਮੌਤ ਹੋ ਗਈ, ਜਦਕਿ 2 ਹੋਰ ਲੋਕ ਝੁਲਸ ਗਏ। ਜ਼ਖਮੀਆਂ ਨੂੰ ਇਲਾਜ ਲਈ ਹਸਪਤਾਲ 'ਚ ਦਾਖਲ ਕਰਵਾਇਆ ਗਿਆ ਹੈ। ਜਾਣਕਾਰੀ ਮੁਤਾਬਕ ਇਹ ਘਟਨਾ ਬੁੱਧਵਾਰ ਸ਼ਾਮ ਨੂੰ ਹੋਈ ਭਾਰੀ ਬਾਰਿਸ਼ ਦੌਰਾਨ ਪੰਜ ਥਾਣਾ ਖੇਤਰਾਂ 'ਚ ਵਾਪਰੀ। ਇਸ ਨੂੰ ਲੈ ਕੇ ਪੂਰੇ ਜ਼ਿਲ੍ਹੇ ਵਿਚ ਹਫੜਾ-ਦਫੜੀ ਮੱਚ ਗਈ। ਘਟਨਾ ਦੀ ਸੂਚਨਾ ਮਿਲਣ ਤੋਂ ਬਾਅਦ ਜ਼ਿਲ੍ਹਾ ਪ੍ਰਸ਼ਾਸਨ ਦੇ ਅਧਿਕਾਰੀ ਮੌਕੇ 'ਤੇ ਪਹੁੰਚ ਗਏ ਅਤੇ ਲਾਸ਼ਾਂ ਨੂੰ ਕਬਜ਼ੇ 'ਚ ਲੈ ਕੇ ਪੋਸਟਮਾਰਟਮ ਲਈ ਭੇਜ ਦਿੱਤਾ। ਸਰਕਾਰ ਵੱਲੋਂ ਪੀੜਤ ਪਰਿਵਾਰਾਂ ਨੂੰ ਵਿੱਤੀ ਸਹਾਇਤਾ ਦਿੱਤੀ ਜਾਵੇਗੀ।ਇਸ ਦੌਰਾਨ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਨੇ ਅੱਜ ਪੀਲੀਭੀਤ ਅਤੇ ਲਖੀਮਪੁਰ ਖੇੜੀ ਜ਼ਿਲ੍ਹਿਆਂ ਦੇ ਹੜ੍ਹ ਪ੍ਰਭਾਵਿਤ ਖੇਤਰਾਂ ਦਾ ਹਵਾਈ ਅਤੇ ਜ਼ਮੀਨੀ ਨਿਰੀਖਣ ਕੀਤਾ ਅਤੇ ਕਿਹਾ ਕਿ ਸਰਕਾਰ ਸੰਕਟ ਦੀ ਇਸ ਘੜੀ ਵਿਚ ਸਾਰੇ ਹੜ੍ਹ ਪੀੜਤਾਂ ਦੇ ਨਾਲ ਖੜ੍ਹੀ ਹੈ। ਮੁੱਖ ਮੰਤਰੀ ਨੇ ਪਹਿਲਾਂ ਪੀਲੀਭੀਤ ਦੀਆਂ ਪੂਰਨਪੁਰ, ਸਦਰ ਅਤੇ ਬਿਸਲਪੁਰ ਤਹਿਸੀਲਾਂ ਦੇ ਹੜ੍ਹ ਪ੍ਰਭਾਵਿਤ ਪਿੰਡਾਂ ਦਾ ਹਵਾਈ ਸਰਵੇਖਣ ਕੀਤਾ ਅਤੇ ਅਧਿਕਾਰੀਆਂ ਤੋਂ ਹੜ੍ਹਾਂ ਦੀ ਸਥਿਤੀ ਬਾਰੇ ਜਾਣਕਾਰੀ ਹਾਸਲ ਕੀਤੀ।



# ਜਲੰਧਰ 'ਚ ਸਿਆਸੀ ਆਗੂ ਪਿੱਛੇ ਦਾਤ ਲੈ ਕੇ ਥਾਣੇ 'ਚ ਜਾ ਵੜਿਆ ਵਿਅਕਤੀ, ਪੈ ਗਈਆਂ ਭਾਜੜਾਂ




ਬੁੱਧਵਾਰ ਰਾਤ ਨੂੰ ਇਕ ਵਿਅਕਤੀ ਦਾਤ ਲੈ ਕੇ ਥਾਣੇ 'ਚ ਵੜ ਗਿਆ, ਜਿਸ ਕਾਰਨ ਥਾਣੇ 'ਚ ਦਹਿਸ਼ਤ ਵਾਲਾ ਮਾਹੌਲ ਬਣ ਗਿਆ। ਇਸ ਤੋਂ ਪਹਿਲਾਂ ਇਕ ਹੋਰ ਨੌਜਵਾਨ ਖੁਦ ਦੇ ਬਚਾਅ ਲਈ ਥਾਣੇ ਅੰਦਰ ਭੱਜ ਕੇ ਆਇਆ ਸੀ, ਜਿਸ ਦਾ ਪਿੱਛਾ ਕਰਦੇ ਹੋਏ ਵਿਅਕਤੀ ਥਾਣੇ ਅੰਦਰ ਦਾਤ ਲੈ ਕੇ ਵੜ ਗਿਆ। ਥਾਣਾ ਦੀ ਪੁਲਸ ਨੇ ਤੁਰੰਤ ਵਿਅਕਤੀ ਤੋਂ ਦਾਤ ਖੋਹ ਲਿਆ। ਬਾਅਦ ਵਿਚ ਪਤਾ ਲੱਗਾ ਕਿ ਦੋਵਾਂ ਵਿਚ ਪੁਰਾਣੀ ਰੰਜਿਸ਼ ਸੀ ਤੇ ਥਾਣੇ ਦੇ ਬਾਹਰ ਇਕ ਚਿਕਨ ਸ਼ਾਪ ਵਿਚ ਆਹਮੋ-ਸਾਹਮਣੇ ਹੋਏ ਤਾਂ ਦੋਵਾਂ ਦਾ ਵਿਵਾਦ ਹੋ ਗਿਆ। ਜਾਣਕਾਰੀ ਦਿੰਦਿਆਂ ਬਸਪਾ ਦੇ ਜ਼ਿਲ੍ਹਾ ਸਕੱਤਰ ਸ਼ਾਮ ਕਟਾਰੀਆ ਨੇ ਦੱਸਿਆ ਕਿ ਉਨ੍ਹਾਂ ਦੀ ਪਾਰਟੀ ਦਾ ਰਵੀ ਥਾਣਾ ਮਕਸੂਦਾਂ ਦੇ ਸਾਹਮਣੇ ਇਕ ਚਿਕਨ ਸ਼ਾਪ 'ਤੇ ਖਰੀਦਦਾਰੀ ਕਰਨ ਗਿਆ ਸੀ। ਇਸੇ ਦੌਰਾਨ ਉਸ ਨਾਲ ਰੰਜਿਸ਼ ਰੱਖਣ ਵਾਲਾ ਦੂਜੀ ਪਾਰਟੀ ਦਾ ਵਿਅਕਤੀ ਵੀ ਆ ਗਿਆ ਅਤੇ ਆਉਂਦੇ ਹੀ ਗਾਲੀ-ਗਲੋਚ ਸ਼ੁਰੂ ਕਰ ਦਿੱਤੀ।ਰਵੀ ਨੇ ਵਿਰੋਧ ਕੀਤਾ ਤਾਂ ਉਕਤ ਵਿਅਕਤੀ ਨੇ ਚਿਕਨ ਵਾਲੇ ਦਾ ਦਾਤ ਚੁੱਕਿਆ ਅਤੇ ਰਵੀ 'ਤੇ ਹਮਲਾ ਕਰਨ ਹੀ ਲੱਗਾ ਸੀ ਕਿ ਰਵੀ ਭੱਜ ਕੇ ਸਾਹਮਣੇ ਸਥਿਤ ਥਾਣਾ ਵਿਚ ਵੜ ਗਿਆ ਅਤੇ ਮੁਨਸ਼ੀ ਦੇ ਕਮਰੇ ਵਿਚ ਬੈਠ ਗਿਆ। ਦੇਖਦੇ ਹੀ ਦੇਖਦੇ ਦੂਜਾ ਵਿਅਕਤੀ ਵੀ ਦਾਤ ਲੈ ਕੇ ਥਾਣੇ ਅੰਦਰ ਵੜ ਗਿਆ। ਥਾਣੇ ਵਿਚ ਮੌਜੂਦ ਪੁਲਸ ਮੁਲਾਜ਼ਮਾਂ ਨੇ ਵਿਅਕਤੀ ਤੋਂ ਦਾਤ ਖੋਹ ਲਿਆ। ਸਾਰਾ ਮਾਮਲਾ ਸਮਝ ਆਇਆ ਤਾਂ ਥਾਣਾ ਮਕਸੂਦਾਂ ਦੀ ਪੁਲਸ ਨੇ ਉਨ੍ਹਾਂ ਨੂੰ ਥਾਣਾ ਨੰਬਰ 1 ਵਿਚ ਜਾਣ ਲਈ ਕਿਹਾ ਅਤੇ ਦਾਤ ਆਪਣੇ ਕੋਲ ਰੱਖ ਕੇ ਉਸ ਵਿਅਕਤੀ ਨੂੰ ਵੀ ਛੱਡ ਦਿੱਤਾ।

ਸ਼ਾਮ ਕਟਾਰੀਆ ਨੇ ਕਿਹਾ ਕਿ ਜਿਵੇਂ ਹੀ ਉਨ੍ਹਾਂ ਨੂੰ ਪਤਾ ਲੱਗਾ ਤਾਂ ਉਹ ਥਾਣਾ ਨੰਬਰ 1 ਵਿਚ ਪਹੁੰਚੇ ਅਤੇ ਉਨ੍ਹਾਂ ਤੋਂ ਪਹਿਲਾਂ ਹੀ ਦੂਜੀ ਧਿਰ ਪਹੁੰਚੀ ਹੋਈ ਸੀ। ਉਨ੍ਹਾਂ ਤੋਂ ਬਾਅਦ ਉਨ੍ਹਾਂ ਨੇ ਵੀ ਸ਼ਿਕਾਇਤ ਦਰਜ ਕੀਤੀ ਹੈ। ਉਨ੍ਹਾਂ ਕਿਹਾ ਕਿ ਪੁਰਾਣੀ ਰੰਜਿਸ਼ ਕਾਰਨ ਹਮਲਾ ਕਰਨ ਦੀ ਕੋਸ਼ਿਸ਼ ਕੀਤੀ ਗਈ ਪਰ ਚੰਗੀ ਕਿਸਮਤ ਸੀ ਕਿ ਰਵੀ ਦਾ ਬਚਾਅ ਹੋ ਗਿਆ।

# ਲੋਕਤੰਤਰ 'ਚ ਕਿਸਾਨਾਂ ਨੂੰ ਕਿਸੇ ਸੂਬੇ 'ਚ ਦਾਖ਼ਲ ਹੋਣ ਤੋਂ ਨਹੀਂ ਰੋਕ ਸਕਦੇ : ਹਾਈਕੋਰਟ




ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਹਰਿਆਣਾ ਸਰਕਾਰ ਨੂੰ ਇੱਕ ਹਫ਼ਤੇ ਅੰਦਰ ਸ਼ੰਭੂ ਬਾਰਡਰ ਖੋਲ੍ਹਣ ਦੇ ਹੁਕਮ ਦਿੱਤੇ ਹਨ। ਹਾਈਕੋਰਟ ਨੇ ਆਪਣੇ ਹੁਕਮਾਂ 'ਚ ਕਿਹਾ ਹੈ ਕਿ ਹਾਈਵੇਅ ਤੋਂ ਹਰ ਤਰ੍ਹਾਂ ਦੇ ਬੈਰੀਕੇਡ ਹਟਾਏ ਜਾਣ। ਇਸ ਮਾਮਲੇ ਨੂੰ ਲੈ ਕੇ ਵੱਖ-ਵੱਖ ਪਟੀਸ਼ਨਾਂ ਦਾਇਰ ਕੀਤੀਆਂ ਗਈਆਂ ਹਨ। ਬੁੱਧਵਾਰ ਨੂੰ ਸੁਣਵਾਈ ਦੌਰਾਨ ਜਸਟਿਸ ਜੀ. ਐੱਸ. ਸੰਧਾਵਾਲੀਆ ਅਤੇ ਜਸਟਿਸ ਵਿਕਾਸ ਬਹਿਲ ਦੀ ਬੈਂਚ ਨੇ ਕਿਹਾ ਕਿ ਸਰਕਾਰ ਨੂੰ ਬਾਰਡਰ ਖੋਲ੍ਹਣਾ ਹੀ ਪਵੇਗਾ, ਕਿਉਂਕਿ ਪੰਜਾਬ ਤੋਂ ਹਰਿਆਣਾ, ਦਿੱਲੀ ਅਤੇ ਜੰਮੂ-ਕਸ਼ਮੀਰ ਦਰਮਿਆਨ ਆਉਣ-ਜਾਣ ਵਾਲੇ ਲੋਕਾਂ ਲਈ ਇਹ ਰਾਸ਼ਟਰੀ ਰਾਜਮਾਰਗ ਇੱਕ ਲਾਈਫ ਲਾਈਨ ਵਾਂਗ ਹੈ ਦੇ. ਇਸ ਦੇ ਬੰਦ ਹੋਣ ਕਾਰਨ ਆਮ ਲੋਕਾਂ ਨੂੰ ਭਾਰੀ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਬੈਂਚ ਨੇ ਦੋਵਾਂ ਰਾਜਾਂ ਨੂੰ ਕਿਹਾ ਕਿ ਕਾਨੂੰਨ ਵਿਵਸਥਾ ਬਣਾਈ ਰੱਖੀ ਜਾਵੇ। ਅਜਿਹੇ ਪ੍ਰਬੰਧ ਕੀਤੇ ਜਾਣੇ ਚਾਹੀਦੇ ਹਨ ਤਾਂ ਜੋ ਹਾਈਵੇਅ ਨੂੰ ਮੁੜ ਤੋਂ ਸੁਚਾਰੂ ਬਣਾਇਆ ਜਾ ਸਕੇ ਅਤੇ ਇਸ ਦੀ ਚਮਕ ਨੂੰ ਬਹਾਲ ਕੀਤਾ ਜਾ ਸਕੇ। ਸਰਕਾਰ ਨੂੰ ਕਦਮ ਚੁੱਕਣੇ ਪੈਣਗੇ ਕਿਉਂਕਿ ਬਾਰਡਰ ਨੂੰ ਇੰਨੇ ਲੰਬੇ ਸਮੇਂ ਤੱਕ ਬੰਦ ਨਹੀਂ ਰੱਖਿਆ ਜਾ ਸਕਦਾ। ਦੱਸ ਦੇਈਏ ਕਿ ਸ਼ੰਭੂ ਬਾਰਡਰ ਹਰਿਆਣਾ ਸਰਕਾਰ ਨੇ ਫਰਵਰੀ 'ਚ ਕਿਸਾਨਾਂ ਦੇ ਪ੍ਰਦਰਸ਼ਨ ਕਾਰਨ ਬੰਦ ਕਰ ਦਿੱਤਾ ਸੀ। ਕਿਸਾਨਾਂ ਨੂੰ ਪੰਜਾਬ ਤੋਂ ਹਰਿਆਣਾ ’ਚ ਆਉਣ ਅਤੇ ਉਸਦੇ ਬਾਅਦ ਦਿੱਲੀ ਜਾਣ ਤੋਂ ਰੋਕਣ ਲਈ ਅਜਿਹਾ ਕੀਤਾ ਗਿਆ ਸੀ। ਸਰਕਾਰ ਦੀ ਦਲੀਲ ਹੈ ਕਿ ਕਾਨੂੰਨ ਵਿਵਸਥਾ ਵਿਗੜ ਸਕਦੀ ਹੈ।ਇਸ ਮੌਕੇ ਮੀਡੀਆ ਨਾਲ ਗੱਲ ਕਰਦਿਆਂ ਵਫ਼ਦ ਦੀ ਅਗਵਾਈ ਕਰ ਰਹੇ ਹਰਭਜਨ ਸਿੰਘ ਮਸਾਣਾ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਧਾਮੀ ਦੇ ਆਦੇਸ਼ ਅਨੁਸਾਰ ਚਾਰੇ ਸਿੱਖ ਪਰਿਵਾਰਾਂ ਨੂੰ ਮੁੱਢਲੇ ਤੌਰ ’ਤੇ ਇੱਕ-ਇੱਕ ਲੱਖ ਰੁਪਏ ਦੀ ਸਹਾਇਤਾ ਦੇਣ ਦਾ ਫੈਸਲਾ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਸਿੱਖ ਸੰਸਥਾ ਇਨ੍ਹਾਂ ਸਿੱਖ ਪਰਿਵਾਰਾਂ ਨਾਲ ਹਰ ਪੱਧਰ ਉੱਤੇ ਸਹਿਯੋਗ ਕਰੇਗੀ ਅਤੇ ਅਗਾਂਹ ਵੀ ਇਨ੍ਹਾਂ ਨੂੰ ਲੋੜ ਅਨੁਸਾਰ ਹਰ ਤਰ੍ਹਾਂ ਦੀ ਸਹਾਇਤਾ ਦਿੱਤੀ ਜਾਵੇਗੀ।

# ਜਲੰਧਰ ਜ਼ਿਮਨੀ ਚੋਣ ਮਗਰੋਂ CM ਭਗਵੰਤ ਮਾਨ ਨੇ ਵੋਟਰਾਂ ਦਾ ਧੰਨਵਾਦ ਕਰਦਿਆਂ ਆਖੀ ਇਹ ਗੱਲ



ਮੁੱਖ ਮੰਤਰੀ ਭਗਵੰਤ ਮਾਨ ਨੇ ਬੁੱਧਵਾਰ ਸ਼ਾਮ ਜਲੰਧਰ ਪੱਛਮੀ ਹਲਕੇ ਦੇ ਵੋਟਰਾਂ ਦਾ ਜ਼ਿਮਨੀ ਚੋਣ ਲਈ ਵੋਟਾਂ ਪਾ ਕੇ ਆਪਣੀ ਜ਼ਿੰਮੇਵਾਰੀ ਨਿਭਾਉਣ ਲਈ ਧੰਨਵਾਦ ਕੀਤਾ ਹੈ। ਉਨ੍ਹਾਂ ਨੇ ਐਕਸ ਅਕਾਊਂਟ ’ਤੇ ਲਿਖਿਆ, ‘ਜਲੰਧਰ ਪੱਛਮੀ ਦੇ ਸਮੂਹ ਵੋਟਰਾਂ ਦਾ ਦਿਲੋਂ ਧੰਨਵਾਦ, ਤੁਸੀਂ ਆਪਣੀ ਜ਼ਿੰਮੇਵਾਰੀ ਨਿਭਾਉਂਦੇ ਹੋਏ ਘਰੋਂ ਬਾਹਰ ਨਿਕਲ ਕੇ ਬੜੇ ਸ਼ਾਂਤੀਪੂਰਵਕ ਢੰਗ ਅਤੇ ਅਨੁਸ਼ਾਸਨ ’ਚ ਰਹਿ ਕੇ ਵੋਟਾਂ ਪਾਈਆਂ ਅਤੇ ਜ਼ਿੰਮੇਵਾਰ ਨਾਗਰਿਕ ਹੋਣ ਦਾ ਸਬੂਤ ਦਿੱਤਾ, ਜਿਸ ਕਰਕੇ ਮੈਂ ਤੁਹਾਡਾ ਧੰਨਵਾਦੀ ਹਾਂ।’ ਉਨ੍ਹਾਂ ਕਿਹਾ ਕਿ ਹਲਕਾ ਜਲੰਧਰ ਪੱਛਮੀ ਦੇ ਲੋਕਾਂ ਦੀਆਂ ਕੀਮਤੀ ਵੋਟਾਂ ਇਸ ਹਲਕੇ ਦੇ ਵਿਕਾਸ ’ਚ ਯੋਗਦਾਨ ਪਾਉਣਗੀਆਂ। ਉਨ੍ਹਾਂ ਜਲੰਧਰ ਪੱਛਮੀ ਹਲਕੇ ਦੀ ਨੁਹਾਰ ਬਦਲਣ ਦਾ ਵਾਅਦਾ ਕੀਤਾ। ਉਨ੍ਹਾਂ ਕਿਹਾ ਕਿ ਲੋਕਾਂ ਨੇ ਆਪਣਾ ਫ਼ਰਜ਼ ਨਿਭਾਇਆ, ਹੁਣ ਸਮਾਂ ਆ ਗਿਆ ਹੈ ਕਿ ਸਰਕਾਰ ਜਲੰਧਰ ਪੱਛਮੀ ਦੇ ਲੋਕਾਂ ਦੀ ਸੇਵਾ ਕਰੇ।ਜ਼ਿਕਰਯੋਗ ਹੈ ਕਿ ਜਲੰਧਰ ਪੱਛਮੀ ਹਲਕੇ ਦੀ ਜ਼ਿਮਨੀ ਚੋਣ ਲਈ ਲਗਭਗ 55 ਫ਼ੀਸਦੀ ਵੋਟਿੰਗ ਹੋਈ ਹੈ। ਪੰਜਾਬ ਚੋਣ ਕਮਿਸ਼ਨ ਤੋਂ ਮਿਲੀ ਜਾਣਕਾਰੀ ਅਨੁਸਾਰ ਸਵੇਰ 9 ਵਜੇ ਤੱਕ 10.30 ਫ਼ੀਸਦੀ, 11 ਵਜੇ ਤੱਕ 23. 04 ਫ਼ੀਸਦੀ, 1 ਵਜੇ ਤੱਕ 34.04 ਫ਼ੀਸਦੀ ਅਤੇ 3 ਵਜੇ ਤੱਕ 42.60 ਅਤੇ ਸ਼ਾਮ 5 ਵਜੇ ਤੱਕ 51.30 ਫ਼ੀਸਦੀ ਵੋਟਿੰਗ ਦਰਜ ਕੀਤੀ ਗਈ। ਇਸ ਦੇ ਨਾਲ ਹੀ ਕੁੱਲ੍ਹ 55 ਫ਼ੀਸਦੀ ਪੋਲਿੰਗ ਦਰਜ ਕੀਤੀ ਗਈ ਹੈ।


ਮੁੱਖ ਚੋਣ ਅਧਿਕਾਰੀ ਸਿਬਿਨ ਸੀ. ਨੇ ਦੱਸਿਆ ਕਿ ਜਲੰਧਰ ਪੱਛਮੀ ਵਿਧਾਨ ਸਭਾ ਹਲਕੇ ਦੇ ਕੁੱਲ੍ਹ ਵੋਟਰਾਂ ਦੀ ਗਿਣਤੀ 1 ਲੱਖ 71 ਹਜ਼ਾਰ 963 ਹੈ, ਜਿਸ ’ਚ ਮਹਿਲਾ ਵੋਟਰਾਂ ਦੀ ਗਿਣਤੀ 82 ਹਜ਼ਾਰ 326 ਅਤੇ ਪੁਰਸ਼ ਵੋਟਰਾਂ ਦੀ ਗਿਣਤੀ 89 ਹਜ਼ਾਰ 629 ਹੈ। ਇਸ ਤੋਂ ਇਲਾਵਾ ਦਿਵਿਆਂਗ ਵੋਟਰਾਂ ਦੀ ਕੁੱਲ ਗਿਣਤੀ 873 ਹੈ, ਜਿਸ ’ਚ 389 ਦਿਵਿਆਂਗ ਮਹਿਲਾ ਵੋਟਰ ਅਤੇ 484 ਦਿਵਿਆਂਗ ਪੁਰਸ਼ ਵੋਟਰ ਹਨ। ਹਲਕੇ ’ਚ 18-19 ਸਾਲ ਦੇ ਨੌਜਵਾਨ ਵੋਟਰਾਂ ਦੀ ਗਿਣਤੀ 5005 ਹੈ, ਜਿਨ੍ਹਾਂ ’ਚ 2282 ਕੁੜੀਆਂ ਅਤੇ 2723 ਮੁੰਡੇ ਹਨ। ਇਸ ਤੋਂ ਇਲਾਵਾ 85 ਸਾਲ ਤੋਂ ਵੱਧ ਉਮਰ ਦੇ ਵੋਟਰਾਂ ਦੀ ਗਿਣਤੀ 746 ਹੈ, ਜਿਨ੍ਹਾਂ ’ਚ 382 ਮਹਿਲਾ ਵੋਟਰ ਅਤੇ 364 ਪੁਰਸ਼ ਵੋਟਰ ਹਨ।

# ਬੈਂਕ ਮੈਨੇਜਰ ਨਾਲ ਕੁੱਟਮਾਰ ਕਰਨ ਵਾਲੇ 3 ਨੌਜਵਾਨ ਗ੍ਰਿਫ਼ਤਾਰ



ਸੈਕਟਰ-44 ’ਚ ਕੁੱਟਮਾਰ ਤੇ ਗੋਲੀ ਚਲਾਉਣ ਦੇ ਮਾਮਲੇ ’ਚ ਪੁਲਸ ਨੇ 3 ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਉਨ੍ਹਾਂ ਦੀ ਪਛਾਣ ਮੋਗਾ ਵਾਸੀ ਪੁਨੀਤ, ਮਨੀਮਾਜਰਾ ਦੇ ਸ਼ਾਂਤੀ ਨਗਰ ਵਾਸੀ ਅਭੀਸ਼ੇਕ ਉਰਫ਼ ਨਿਖਿਲ ਤੇ ਮੋਹਾਲੀ ਵਾਸੀ ਸ਼ਾਮਸੁੰਦਰ ਵਜੋਂ ਹੋਈ ਹੈ। ਪੁਨੀਤ ਅਰੋੜਾ ਇਕ ਦਿਨ ਦੇ ਪੁਲਸ ਰਿਮਾਂਡ ’ਤੇ ਹੈ। ਬਾਕੀ ਦੋਵਾਂ ਨੂੰ ਪੁਲਸ ਅਦਾਲਤ ’ਚ ਪੇਸ਼ ਕਰੇਗੀ। ਪੁਨੀਤ ਨੇ ਸਾਥੀਆਂ ਨਾਲ ਮਿਲ ਕੇ ਬੈਂਕ ਮੈਨੇਜਰ ਅੰਕੁਰ ’ਤੇ ਹਮਲਾ ਕੀਤਾ ਸੀ। ਅੰਕੁਰ ਨੇ ਬਚਾਅ ਲਈ ਹਵਾਈ ਫਾਇਰ ਕਰ ਦਿੱਤਾ ਸੀ। ਜਾਂਚ ’ਚ ਸਾਹਮਣੇ ਆਇਆ ਕਿ ਅੰਕੁਰ ਨੇ ਕਾਲ ਗਰਲ ਨੂੰ ਬੁਲਾਇਆ ਸੀ ਤੇ 8 ਹਜ਼ਾਰ ਰੁਪਏ ਦੇਣ ਨੂੰ ਲੈ ਕੇ ਬਹਿਸ ਹੋ ਗਈ। ਕਾਲ ਗਰਲ ਦੇ ਕਹਿਣ ’ਤੇ ਪੁਨੀਤ ਨੇ ਸਾਥੀਆਂ ਦੇ ਨਾਲ ਮਿਲ ਕੇ ਸੈਕਟਰ-44 ’ਚ ਬੈਂਕ ਮੈਨੇਜਰ ’ਤੇ ਹਮਲਾ ਕਰ ਦਿੱਤਾ ਜਿਸ ’ਚ ਅੰਕੁਰ ਜ਼ਖ਼ਮੀ ਹੋ ਗਿਆ ਸੀ। ਸੈਕਟਰ-34 ਥਾਣਾ ਪੁਲਸ ਨੇ ਸ਼ਿਕਾਇਤ ’ਤੇ 8 ਨੌਜਵਾਨਾਂ ਖ਼ਿਲਾਫ਼ ਕੁੱਟਮਾਰ ਤੇ ਫਾਇਰਿੰਗ ਦਾ ਮਾਮਲਾ ਦਰਜ ਕੀਤਾ ਹੈ। ਇਸ ਨਾਲ ਹੀ ਅੰਕੁਰ, ਸੈਕਟਰ-45 ਵਾਸੀ ਅਭੀਨਵ ਤੌਮਰ, ਸੈਕਟਰ-45 ਦੇ ਮਾਨਵ ਕੰਪਲੈਕਸ ਵਾਸੀ ਸਿਧਾਂਤ ਠਾਕੁਰ, ਸੈਕਟਰ-44 ਵਾਸੀ ਹਰਿੰਦਰ ਦੇਸਵਾਲ, ਖੁਸ਼ਵਿੰਦਰ ਸਿੰਘ ਖ਼ਿਲਾਫ਼ ਅਸਲਾ ਐਕਟ ਦੀਆਂ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਸੀ।

# ਜੰਮੂ-ਕਸ਼ਮੀਰ ’ਚ ਦਿਨੋਂ-ਦਿਨ ਵੱਧ ਰਹੀ ਹੈ ਪੰਜਾਬੀ ਸੈਲਾਨੀਆਂ ਦੀ ਗਿਣਤੀ



ਜੰਮੂ-ਕਸ਼ਮੀਰ ਵਿਚ ਹਾਲਾਤ ਆਮ ਵਾਂਗ ਹੋਣ ਕਾਰਨ ਜਿਸ ਤਰ੍ਹਾਂ ਸੈਲਾਨੀਆਂ ਵਿਚ ਵਾਧਾ ਹੋਇਆ ਹੈ, ਉਸ ਤੋਂ ਲੱਗਦਾ ਹੈ ਕਿ ਆਉਣ ਵਾਲੇ ਦਿਨਾਂ ਵਿਚ ਘਾਟੀ ਵਿਚ ਸੈਰ-ਸਪਾਟੇ ਵਿਚ ਤੇਜ਼ੀ ਨਾਲ ਵਾਧਾ ਹੋਵੇਗਾ। ਇਸ ਨਾਲ ਜਿੱਥੇ ਜੰਮੂ-ਕਸ਼ਮੀਰ ਘਾਟੀ ਨੂੰ ਆਰਥਿਕ ਤੌਰ ’ਤੇ ਫਾਇਦਾ ਹੋਵੇਗਾ, ਉੱਥੇ ਹੀ ਹਿਮਾਚਲ ਜਾਣ ਵਾਲੇ ਸੈਲਾਨੀਆਂ ਦੀ ਗਿਣਤੀ ਮੁਕਾਬਲਤਨ ਘਟੇਗੀ, ਜੋ ਕਿ ਸ਼ੁਰੂ ਹੋ ਚੁੱਕੀ ਹੈ। ਪਿਛਲੇ ਕੁਝ ਸਾਲਾਂ ਤੋਂ ਹਿਮਾਚਲ ਪ੍ਰਦੇਸ਼ ਵਿਚ ਪੰਜਾਬੀਆਂ ਦਾ ਸੈਲਾਨੀਆਂ ਵਜੋਂ ਆਉਣਾ ਵੀ ਸਥਾਨਕ ਲੋਕਾਂ ਵਿੱਚ ਪੈਦਾ ਹੋਈ ਫੁੱਟ ਦਾ ਵੱਡਾ ਕਾਰਨ ਮੰਨਿਆ ਜਾ ਰਿਹਾ ਹੈ। ਦੂਜੇ ਪਾਸੇ ਜਦੋਂ ਕਸ਼ਮੀਰ ਘਾਟੀ ਵਿਚ ਹਾਲਾਤ ਆਮ ਵਾਂਗ ਹੋ ਗਏ ਤਾਂ ਤੁਰੰਤ ਹੀ ਅਮਰਨਾਥ ਯਾਤਰੀਆਂ ਦੀ ਗਿਣਤੀ ਵਿਚ ਪਿਛਲੇ ਸਾਲ ਦੇ ਮੁਕਾਬਲੇ 96 ਫੀਸਦੀ ਦਾ ਵਾਧਾ ਹੋਇਆ। ਵਿਭਾਗੀ ਅੰਕੜਿਆਂ ਅਨੁਸਾਰ ਇਨ੍ਹਾਂ 10 ਦਿਨਾਂ ਵਿਚ ਸ਼੍ਰੀ ਅਮਰਨਾਥ ਯਾਤਰਾ ਲਈ ਜਾਣ ਵਾਲੇ ਸ਼ਰਧਾਲੂਆਂ ਦੀ ਗਿਣਤੀ 2 ਲੱਖ ਤੋਂ ਉੱਪਰ ਪਹੁੰਚ ਗਈ ਹੈ। ਅਮਰਨਾਥ ਯਾਤਰੀ ਜੰਮੂ-ਕਸ਼ਮੀਰ ਦੇ ਸੈਰ-ਸਪਾਟੇ ਦਾ ਮਹੱਤਵਪੂਰਨ ਅਤੇ ਵੱਡਾ ਹਿੱਸਾ ਹਨ।

# ਡੇਰਾਬੱਸੀ ਤੋਂ ਲਾਪਤਾ ਬੱਚਿਆਂ 'ਚੋਂ 2 ਬੱਚੇ ਬਰਾਮਦ



ਡੇਰਾਬੱਸੀ 'ਚੋਂ ਲਾਪਤਾ ਹੋਏ 7 ਬੱਚਿਆਂ 'ਚੋਂ 2 ਬੱਚਿਆਂ ਨੂੰ ਬਰਾਮਦ ਕਰ ਲਿਆ ਗਿਆ ਹੈ। ਇਨ੍ਹਾਂ 2 ਬੱਚਿਆਂ ਗੌਰਵ ਅਤੇ ਗਿਆਨ ਚੰਦ ਨੂੰ ਦਿੱਲੀ ਰੇਲਵੇ ਸਟੇਸ਼ਨ ਤੋਂ ਬਰਾਮਦ ਕੀਤਾ ਗਿਆ ਹੈ। ਇਸ ਬਾਰੇ ਏ. ਐੱਸ. ਆਈ. ਕੇਵਲ ਕੁਮਾਰ ਨੇ ਜਾਣਕਾਰੀ ਦਿੱਤੀ ਹੈ।ਉਨ੍ਹਾਂ ਨੇ ਕਿਹਾ ਹੈ ਕਿ ਪੁਲਸ ਅਧਿਕਾਰੀ ਬੱਚਿਆਂ ਨੂੰ ਦਿੱਲੀ ਤੋਂ ਲੈ ਕੇ ਦੁਪਹਿਰ ਤੱਕ ਡੇਰਾਬੱਸੀ ਪਹੁੰਚ ਜਾਣਗੇ। ਇਹ ਸਾਰੇ ਬੱਚੇ ਮੁੰਬਈ ਪਹੁੰਚ ਗਏ ਸਨ, ਜਿਨ੍ਹਾਂ 'ਚੋਂ 2 ਬੱਚੇ ਦਿੱਲੀ ਆ ਗਏ ਅਤੇ ਉਨ੍ਹਾਂ ਨੇ ਆਪਣੇ ਪਰਿਵਾਰਕ ਮੈਂਬਰਾਂ ਨੂੰ ਫੋਨ ਕੀਤਾ ਕਿ ਸਾਨੂੰ ਦਿੱਲੀ ਤੋਂ ਆ ਕੇ ਲੈ ਜਾਓ। ਬਾਕੀ 5 ਬੱਚੇ ਅਜੇ ਮੁੰਬਈ ਹੀ ਘੁੰਮ ਰਹੇ ਹਨ ਅਤੇ ਉਨ੍ਹਾਂ ਦਾ ਕੋਈ ਅਤਾ-ਪਤਾ ਨਹੀਂ ਹੈ। ਦੱਸਣਯੋਗ ਹੈ ਕਿ ਡੇਰਾਬੱਸੀ 'ਚ ਐਤਵਾਰ ਸਵੇਰੇ 5 ਵਜੇ 7 ਬੱਚੇ ਪਾਰਕ 'ਚ ਖੇਡ ਲਈ ਨਿਕਲੇ ਸਨ ਪਰ ਵਾਪਸ ਨਹੀਂ ਪਰਤੇ।ਬੱਚਿਆਂ ’ਚ ਦਲੀਪ, ਗੌਰਵ, ਵਿਸ਼ਨੂੰ, ਗਿਆਨ ਚੰਦ, ਅਨਿਲ ਕੁਮਾਰ, ਸੂਰਜ ਤੇ ਅਜੇ ਸ਼ਾਮਲ ਸਨ, ਜਿਨ੍ਹਾਂ 'ਚੋਂ ਗੌਰਵ ਅਤੇ ਗਿਆਨ ਚੰਦ ਨੂੰ ਬਰਾਮਦ ਕਰ ਲਿਆ ਗਿਆ ਹੈ। ਇਸ ਮਾਮਲੇ ਦਾ ਮਨੁੱਖੀ ਅਧਿਕਾਰ ਕਮਿਸ਼ਨ ਨੇ ਖੁਦ ਨੋਟਿਸ ਲੈਂਦਿਆਂ ਮੋਹਾਲੀ ਦੇ ਡੀ.ਸੀ. ਤੇ ਐੱਸ. ਐੱਸ. ਪੀ. ਤੋਂ ਜਵਾਬ ਮੰਗਿਆ ਸੀ। ਕਮਿਸ਼ਨ ਨੇ ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ, ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਵਿਭਾਗ ਮੋਹਾਲੀ, ਡਿਪਟੀ ਕਮਿਸ਼ਨਰ ਤੇ ਸੀਨੀਅਰ ਪੁਲਸ ਕਪਤਾਨ ਤੋਂ ਰਿਪੋਰਟਾਂ ਮੰਗੀਆਂ ਹਨ।

## ਗਾਇਕਾ ਕੌਰ ਬੀ ਦਾ 4 ਸਾਲਾਂ ਮਗਰੋਂ ਇਹ ਸੁਫ਼ਨਾ ਹੋਇਆ ਸੀ ਸਾਕਾਰ



'ਸੁਨੱਖੀ', 'ਤੇਰੀ ਵੇਟ', 'ਫੁਲਕਾਰੀ', 'ਵੈਲੀ ਜੱਟ', 'ਮਿਸ ਯੂ' ਵਰਗੇ ਗੀਤਾਂ ਨਾਲ ਪ੍ਰਸਿੱਧੀ ਖੱਟਣ ਵਾਲੀ ਕੌਰ ਬੀ ਅੱਜ ਆਪਣਾ 33ਵਾਂ ਜਨਮਦਿਨ ਮਨਾ ਰਹੀ ਹੈ। ਪੰਜਾਬ ਦੀ ਮਸ਼ਹੂਰ ਗਾਇਕਾ ਕੌਰ ਬੀ ਦਾ ਜਨਮ 5 ਜੁਲਾਈ 1991 ਨੂੰ ਹੋਇਆ ਸੀ। ਸੁਰੀਲੀ ਆਵਾਜ਼ ਦੇ ਸਦਕਾ ਕੌਰ ਬੀ ਨੂੰ ਸੁਣਨ ਵਾਲਿਆਂ ਦੀ ਗਿਣਤੀ ਲਗਾਤਾਰ ਵੱਧਦੀ ਜਾ ਰਹੀ ਹੈ। ਕੌਰ ਬੀ ਨੇ ਬਹੁਤ ਹੀ ਘੱਟ ਸਮੇਂ 'ਚ ਪੰਜਾਬੀ ਮਿਊਜ਼ਿਕ ਇੰਡਸਟਰੀ 'ਚ ਖ਼ਾਸ ਜਗਾ ਬਣਾਈ ਹੈ। ਦੱਸ ਦਈਏ ਕਿ ਜਿੰਨੀ ਖ਼ੂਬਸੂਰਤ ਕੌਰ ਬੀ ਖੁਦ ਹੈ ਉਸ ਤੋਂ ਵੀ ਜ਼ਿਆਦਾ ਖ਼ੂਬਸੂਰਤ ਉਨ੍ਹਾਂ ਦੀ ਹਰ ਅਦਾ ਹੈ, ਜਿਸ ਨੂੰ ਪੰਜਾਬੀ ਗੱਭਰੂ ਤੇ ਮੁਟਿਆਰਾਂ ਵਲੋਂ ਕਾਫ਼ੀ ਪਸੰਦ ਕੀਤਾ ਜਾਂਦਾ ਹੈ।

ਬਲਜਿੰਦਰ ਕੌਰ ਤੋਂ ਬਣੀ ਕੌਰ ਬੀ

ਕੌਰ ਬੀ ਦਾ ਅਸਲ ਨਾਂ ਬਲਜਿੰਦਰ ਕੌਰ ਹੈ ਪਰ ਸੰਗੀਤ ਜਗਤ 'ਚ ਉਨਾਂ ਨੂੰ ਕੌਰ ਬੀ ਦੇ ਨਾਂ ਨਾਲ ਜਾਣਿਆਂ ਜਾਂਦਾ ਹੈ। ਦੱਸ ਦਈਏ ਕਿ ਉਨ੍ਹਾਂ ਨੂੰ 'ਕੌਰ ਬੀ' ਨਾਂ ਬੰਟੀ ਬੈਂਸ ਨੇ ਦਿੱਤਾ ਹੈ। ਉਨਾਂ ਨੇ ਆਪਣੇ ਕਰੀਅਰ ਦੀ ਸ਼ੁਰੂਆਤ 2013 'ਚ 'ਕਲਾਸਮੇਟ' ਗੀਤ ਨਾਲ ਸ਼ੁਰੂ ਕੀਤੀ ਸੀ, ਜਿਹੜਾ ਫਿਲਮ 'ਡੈਡੀ ਕੂਲ ਮੁੰਡੇ ਫੂਲ' 'ਚ ਆਇਆ ਸੀ। ਇਸ ਗੀਤ ਨੂੰ ਲੋਕਾਂ ਵਲੋਂ ਕਾਫ਼ੀ ਪਸੰਦ ਕੀਤਾ ਗਿਆ ਸੀ 'ਤੇ ਕੁਝ ਹੀ ਦਿਨਾਂ 'ਚ ਉਨ੍ਹਾਂ ਨੇ ਲੋਕਾਂ 'ਚ ਆਪਣੀ ਖਾਸ ਪਛਾਣ ਬਣਾ ਲਈ।


ਪੂਰਾ ਕੀਤਾ ਆਪਣਾ ਸ਼ੌਂਕ

ਸਾਲ 2020 ਤਕਰੀਬਨ ਸਾਰਿਆਂ ਨੇ ਆਪਣੇ-ਆਪਣੇ ਘਰਾਂ 'ਚ ਰਹਿ ਕੇ ਹੀ ਬੀਤਾਇਆ ਹੈ। ਪਿਛਲੇ ਸਾਲ ਕੌਰ ਬੀ ਨੇ ਇੱਕ ਵੀਡੀਓ ਸੋਸ਼ਲ ਮੀਡੀਆ 'ਤੇ ਸਾਂਝੀ ਕੀਤੀ ਸੀ, ਜਿਸ 'ਚ ਉਹ ਟਰੈਕਟਰ ਚਲਾਉਂਦੀ ਹੋਈ ਨਜ਼ਰ ਆਈ ਸੀ। ਉਸ ਦੀ ਇਹ ਵੀਡੀਓ ਸੋਸ਼ਲ ਮੀਡੀਆ 'ਤੇ ਕਾਫ਼ੀ ਵਾਇਰਲ ਹੋਈ ਸੀ। ਕੌਰ ਬੀ ਦੇ ਇਸ ਅੰਦਾਜ਼ ਲੋਕਾਂ ਵਲੋਂ ਕਾਫ਼ੀ ਪਸੰਦ ਕੀਤਾ ਗਿਆ ਸੀ। ਇਸ ਵੀਡੀਓ ਨੂੰ ਸਾਂਝੀ ਕਰਦਿਆਂ ਕੌਰ ਬੀ ਨੇ ਲਿਖਿਆ 'ਜਿੰਦਾਂ ਦਾ ਮਾਹੌਲ ਹੋਵੇ ਓਦਾਂ ਦਾ ਹੀ ਹੋ ਜਾਈਦਾ...ਮੈਂ ਟਰੈਕਟਰ ਦੀ ਲਾਸਟ ਵੀਡੀਓ 2016 'ਚ ਪੋਸਟ ਕੀਤੀ ਸੀ ਅਤੇ ਉਸ ਤੋਂ ਬਾਅਦ ਹੁਣ ਚਲਾਇਆ ਟਰੈਕਟਰ ਚਾਰ ਸਾਲ ਬਾਅਦ... ਦੁਬਾਰਾ ਸ਼ੌਂਕ ਪੂਰਾ ਕੀਤਾ ਗਿਆ।'

'ਮਿੱਤਰਾਂ ਦੇ ਬੂਟ' ਨਾਲ ਪਹੁੰਚੀ ਸੰਗੀਤ ਜਗਤ ਦੀਆਂ ਬੁਲੰਦੀਆਂ 'ਤੇ

ਗਾਇਕਾ ਕੌਰ ਬੀ ਨੂੰ 'ਮਿੱਤਰਾਂ ਦੇ ਬੂਟ' ਗੀਤ ਨੇ ਬੁਲੰਦੀਆਂ 'ਤੇ ਪਹੁੰਚਾਇਆ। ਇਸ ਗੀਤ ਨੂੰ ਉਨ੍ਹਾਂ ਨੇ ਆਪਣੀ ਬੁਲੰਦ ਅਵਾਜ਼ ਨਾਲ ਇਸ ਕਦਰ ਸ਼ਿੰਗਾਰਿਆ ਕਿ ਇਹ ਗੀਤ ਸੁਪਰ ਹਿੱਟ ਹੋ ਗਿਆ ਅਤੇ ਕੁਝ ਹੀ ਦਿਨਾਂ 'ਚ ਹਰੇਕ ਦੀ ਜ਼ੁਬਾਨ 'ਤੇ ਇਹ ਗੀਤ ਚੜ੍ਹ ਗਿਆ। ਇਸ ਗੀਤ ਨੂੰ ਉਨ੍ਹਾਂ ਨੇ ਜੈਜ਼ੀ ਬੀ ਨਾਲ ਗਾਇਆ। ਇਹ ਗੀਤ ਪੰਜਾਬ ਹੀ ਨਹੀਂ ਸਗੋਂ ਪੂਰੇ ਉੱਤਰ ਭਾਰਤ 'ਚ ਇੰਨਾ ਮਸ਼ਹੂਰ ਹੋਇਆ ਕਿ ਵਿਆਹਾਂ 'ਚ ਸਭ ਤੋਂ ਵੱਧ ਵੱਜਣ ਵਾਲਾ ਗੀਤ ਬਣ ਗਿਆ।

## ਅਨੰਤ ਅੰਬਾਨੀ ਦੇ ਵਿਆਹ ਤੋਂ ਪਹਿਲਾਂ ਮੁਕੇਸ਼ ਅੰਬਾਨੀ ਨੇ ਕੀਤਾ ਇਹ ਨੇਕ ਕੰਮ





ਅਨੰਤ ਅੰਬਾਨੀ ਅਤੇ ਰਾਧਿਕਾ ਮਰਚੈਂਟ ਨੇ ਆਪਣੇ ਵਿਆਹ ਤੋਂ ਪਹਿਲਾਂ ਕਮਿਊਨਿਟੀ ਦੇ ਇੱਕ ਵੱਡੇ ਵਰਗ ਦਾ ਉਨ੍ਹਾਂ ਦੇ ਨਿਵਾਸ ਸਥਾਨ 'ਤੇ ਸਵਾਗਤ ਕਰਕੇ ਅਤੇ ਉਨ੍ਹਾਂ ਨਾਲ ਆਪਣੀਆਂ ਖੁਸ਼ੀਆਂ ਸਾਂਝੀਆਂ ਕਰਕੇ ਇੱਕ ਦਿਲ ਖਿੱਚਵੀਂ ਪਹਿਲ ਕੀਤੀ। ਅੰਬਾਨੀ ਪਰਿਵਾਰ ਨੇ ਵੱਡੇ ਪੱਧਰ 'ਤੇ ਭੰਡਾਰੇ ਦਾ ਆਯੋਜਨ ਕਰਕੇ ਵਿਆਹ ਦੇ ਜਸ਼ਨਾਂ ਦੀ ਸ਼ੁਰੂਆਤ ਕੀਤੀ, ਜਿਸ 'ਚ ਲੋਕਾਂ ਨੂੰ ਕਈ ਤਰ੍ਹਾਂ ਦੇ ਪਕਵਾਨ ਪਰੋਸੇ ਗਏ। ਅੰਬਾਨੀ ਦੀ ਮੁੰਬਈ ਸਥਿਤ ਰਿਹਾਇਸ਼ ਐਂਟੀਲੀਆ 'ਚ ਇਸ ਸ਼ਾਨਦਾਰ ਸਮਾਗਮ ਦਾ ਆਯੋਜਨ ਕੀਤਾ ਗਿਆ। ਵਿਆਹ ਤੋਂ ਪਹਿਲਾਂ ਇਹ ਉਦਾਰ ਅਤੇ ਤਰਸ ਭਰਿਆ ਕਦਮ ਅਨੰਤ ਅਤੇ ਰਾਧਿਕਾ ਦੀਆਂ ਕਦਰਾਂ-ਕੀਮਤਾਂ ਨੂੰ ਦਰਸਾਉਂਦਾ ਹੈ। ਇਸ ਵਿਸ਼ੇਸ਼ ਤੌਰ 'ਤੇ ਕਰਵਾਏ ਗਏ ਭੰਡਾਰੇ ਲਈ ਬੜੇ ਹੀ ਪਿਆਰ ਨਾਲ ਭੋਜਨ ਤਿਆਰ ਕੀਤਾ ਗਿਆ, ਜਿਸ ਦਾ ਵੱਡੀ ਗਿਣਤੀ 'ਚ ਸੰਗਤਾਂ ਨੇ ਆਨੰਦ ਮਾਣਿਆ | ਸਮਾਗਮ ਦਾ ਮਾਹੌਲ ਗਰਮਜੋਸ਼ੀ ਅਤੇ ਧੰਨਵਾਦ ਨਾਲ ਭਰਿਆ ਹੋਇਆ ਸੀ, ਅਤੇ ਹਾਜ਼ਰ ਸਾਰਿਆਂ ਨੂੰ ਸਤਿਕਾਰ ਸਹਿਤ ਪਕਵਾਨ ਪਰੋਸੇ ਗਏ। ਇਸ ਕਦਮ ਨੇ ਇੱਕ ਵਾਰ ਫਿਰ ਅੰਬਾਨੀ ਪਰਿਵਾਰ ਦੀ ਹਮਦਰਦੀ ਅਤੇ ਉਦਾਰਤਾ ਦੀ ਭਾਵਨਾ ਨੂੰ ਪ੍ਰਦਰਸ਼ਿਤ ਕੀਤਾ, ਜੋ ਉਹਨਾਂ ਦੇ ਮੁੱਲਾਂ ਨੂੰ ਵੀ ਪਰਿਭਾਸ਼ਿਤ ਕਰਦਾ ਹੈ।


## ਮਨੀ ਲਾਂਡਰਿੰਗ ਮਾਮਲੇ 'ਚ ED ਸਾਹਮਣੇ ਪੇਸ਼ ਨਹੀਂ ਹੋਈ ਜੈਕਲੀਨ ਫਰਨਾਂਡਿਸ





ਬਾਲੀਵੁੱਡ ਅਦਾਕਾਰਾ ਜੈਕਲੀਨ ਫਰਨਾਂਡੀਜ਼ ਨੂੰ ਇਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਨੇ ਬੁੱਧਵਾਰ ਨੂੰ ਮਨੀ ਲਾਂਡਰਿੰਗ ਮਾਮਲੇ 'ਚ ਪੇਸ਼ ਹੋਣ ਲਈ ਸੰਮਨ ਜਾਰੀ ਕੀਤਾ ਸੀ। ਪਰ ਅਧਿਕਾਰਤ ਸੂਤਰਾਂ ਨੇ ਦੱਸਿਆ ਕਿ ਅਦਾਕਾਰਾ ਇਸ ਪੁੱਛਗਿੱਛ ਲਈ ਈ.ਡੀ. ਦਫ਼ਤਰ ਨਹੀਂ ਪਹੁੰਚੀ। ਈ.ਡੀ. ਨੇ ਅਦਾਕਾਰਾ ਨੂੰ ਕਥਿਤ ਧੋਖਾਧੜੀ ਕਰਨ ਵਾਲੇ ਸੁਕੇਸ਼ ਚੰਦਰਸ਼ੇਖਰ ਨਾਲ ਜੁੜੇ 200 ਕਰੋੜ ਰੁਪਏ ਦੇ ਧੋਖਾਧੜੀ ਦੇ ਮਾਮਲੇ 'ਚ ਪੁੱਛਗਿੱਛ ਲਈ ਪੇਸ਼ ਹੋਣ ਲਈ ਕਿਹਾ ਸੀ।ਜਾਂਚ ਏਜੰਸੀ ਇਸ ਮਾਮਲੇ 'ਚ ਸ੍ਰੀਲੰਕਾਈ ਮੂਲ ਦੀ 38 ਸਾਲਾ ਅਦਾਕਾਰਾ ਤੋਂ ਪਹਿਲਾਂ ਹੀ ਪੁੱਛਗਿੱਛ ਕਰ ਚੁੱਕੀ ਹੈ। ਦੋਸ਼ ਹੈ ਕਿ ਧੋਖੇਬਾਜ਼ ਸੁਕੇਸ਼ ਨੇ ਫੋਰਟਿਸ ਦੇ ਸਾਬਕਾ ਪ੍ਰਮੋਟਰ ਸ਼ਿਵੇਂਦਰ ਸਿੰਘ ਦੀ ਪਤਨੀ ਅਦਿਤੀ ਸਿੰਘ ਨਾਲ ਕਥਿਤ ਤੌਰ 'ਤੇ 200 ਕਰੋੜ ਰੁਪਏ ਦੀ ਧੋਖਾਧੜੀ ਕੀਤੀ ਸੀ, ਜਿਸ ਬਾਰੇ ਅਦਾਕਾਰਾ ਜੈਕਲੀਨ ਨੂੰ ਪਹਿਲਾਂ ਹੀ ਪਤਾ ਸੀ ਅਤੇ ਉਸ ਨੂੰ ਇਸ ਦਾ ਫਾਇਦਾ ਵੀ ਹੋਇਆ ਸੀ। ਈ.ਡੀ. ਨੇ ਆਪਣੀ ਰਿਪੋਰਟ 'ਚ ਕਿਹਾ ਸੀ ਕਿ ਧੋਖਾਧੜੀ ਕਰਨ ਵਾਲੇ ਸੁਕੇਸ਼ ਚੰਦਰਸ਼ੇਖਰ ਨੇ ਇਸ ਧੋਖਾਧੜੀ ਤੋਂ ਕਮਾਏ ਪੈਸੇ ਨਾਲ ਅਦਾਕਾਰਾ ਨੂੰ ਕਈ ਮਹਿੰਗੇ ਤੋਹਫ਼ੇ ਦਿੱਤੇ ਸਨ।ਸੂਤਰਾਂ ਨੇ ਦੱਸਿਆ ਕਿ ਏਜੰਸੀ ਨੂੰ ਮਾਮਲੇ ਦੀ ਜਾਂਚ 'ਚ ਕੁਝ 'ਨਵੇਂ' ਇਨਪੁਟ ਮਿਲੇ ਸਨ, ਜਿਸ ਕਾਰਨ ਉਨ੍ਹਾਂ ਨੇ ਅਦਾਕਾਰਾਨੂੰ ਪੁੱਛਗਿੱਛ ਲਈ ਸੰਮਨ ਜਾਰੀ ਕੀਤਾ ਸੀ। ਜੈਕਲੀਨ ਦੀ ਕਾਨੂੰਨੀ ਟੀਮ ਨੇ ਈ.ਡੀ. ਦੇ ਅਧਿਕਾਰੀਆਂ ਨਾਲ ਮੁਲਾਕਾਤ ਕੀਤੀ ਅਤੇ ਕਿਹਾ ਕਿ ਸਿਹਤ ਸਮੱਸਿਆਵਾਂ ਕਾਰਨ ਅਦਾਕਾਰਾ ਪੁੱਛਗਿੱਛ ਲਈ ਨਹੀਂ ਆ ਸਕੇਗੀ। ਈ.ਡੀ. ਜਲਦੀ ਹੀ ਇਸ ਮਾਮਲੇ 'ਚ ਨਵਾਂ ਸੰਮਨ ਜਾਰੀ ਕਰ ਸਕਦਾ ਹੈ।ਜਾਂਚ ਏਜੰਸੀ ਨੇ 2022 'ਚ ਦਾਇਰ ਆਪਣੀ ਚਾਰਜਸ਼ੀਟ 'ਚ ਕਿਹਾ ਸੀ ਕਿ ਅਦਾਕਾਰਾ ਨੂੰ ਸੁਕੇਸ਼ ਦੀ ਧੋਖਾਧੜੀ ਬਾਰੇ ਸਾਰੀ ਜਾਣਕਾਰੀ ਸੀ ਪਰ ਇਸ ਦੇ ਬਾਵਜੂਦ ਉਹ ਉਸ ਤੋਂ ਕੀਮਤੀ ਸਾਮਾਨ, ਗਹਿਣੇ ਅਤੇ ਮਹਿੰਗੇ ਤੋਹਫ਼ੇ ਲੈਂਦੀ ਰਹੀ। ਇਸ ਮਾਮਲੇ 'ਚ ਈਡੀ ਨੇ ਜੈਕਲੀਨ ਤੋਂ ਕਰੀਬ 5 ਵਾਰ ਪੁੱਛਗਿੱਛ ਕੀਤੀ ਹੈ। ਪਰ ਅਦਾਕਾਰਾ ਨੇ ਹਮੇਸ਼ਾ ਕਿਹਾ ਹੈ ਕਿ ਉਹ ਬੇਕਸੂਰ ਹੈ ਅਤੇ ਉਸ ਨੂੰ ਚੰਦਰਸ਼ੇਖਰ ਦੀਆਂ ਕਥਿਤ ਅਪਰਾਧਿਕ ਗਤੀਵਿਧੀਆਂ ਬਾਰੇ ਕੋਈ ਜਾਣਕਾਰੀ ਨਹੀਂ ਸੀ।

## ਗਾਇਕ Diljit Dosanjh ਨੇ ਕੁਦਰਤ ਦਾ ਆਨੰਦ ਲੈਂਦੇ ਦੀਆਂ ਤਸਵੀਰਾਂ ਕੀਤੀਆਂ ਸਾਂਝੀਆਂ



ਮਸ਼ਹੂਰ ਪੰਜਾਬੀ ਗਾਇਕ ਦਿਲਜੀਤ ਦੋਸਾਂਝ ਇਨ੍ਹੀਂ ਦਿਨੀਂ ਆਪਣੀ ਫ਼ਿਲਮ 'ਜੱਟ ਐਂਡ ਜੂਲੀਅਟ 3' ਨੂੰ ਲੈ ਕੇ ਸੁਰਖੀਆਂ 'ਚ ਹਨ। ਦਿਲਜੀਤ ਦੋਸਾਂਝ ਗਾਇਕੀ ਤੇ ਅਦਾਕਾਰੀ ਦੇ ਨਾਲ-ਨਾਲ ਸੋਸ਼ਲ ਮੀਡੀਆ 'ਤੇ ਕਾਫ਼ੀ ਐਕਟਿਵ ਰਹਿੰਦੇ ਹਨ। ਦਿਲਜੀਤ ਦੋਸਾਂਝ ਅਕਸਰ ਸੋਸ਼ਲ ਮੀਡੀਆ 'ਤੇ ਲਾਈਵ ਹੋ ਕੇ ਗੱਲਬਾਤ ਕਰਦੇ ਹਨ ਤੇ ਆਪਣੀ ਮਨੋਰੰਜਕ ਵੀਡੀਓਜ਼ ਤੇ ਤਸਵੀਰਾਂ ਸ਼ੇਅਰ ਕਰਦੇ ਰਹਿੰਦੇ ਹਨ।ਪੰਜਾਬੀ ਗਾਇਕ ਤੇ ਅਦਾਕਾਰ ਦਿਲਜੀਤ ਦੋਸਾਂਝ ਨੇ ਆਪਣਾ ਔਰਾ ਸਾਫ-ਸੁਥਰਾ ਰੱਖਣ ਅਤੇ ਖੁਦ ਨੂੰ ਅਣਚਾਹੇ ਵਿਚਾਰਾਂ ਤੋਂ ਬਚਾਅ ਕੇ ਰੱਖਣ ਦੇ ਸੁਝਾਅ ਸਾਂਝੇ ਕੀਤੇ ਹਨ, ਜਿਨ੍ਹਾਂ 'ਚ ਉਸ ਨੇ ਪਹਾੜ 'ਤੇ ਸੈਰ ਕਰਨ ਅਤੇ ਆਪਣੀ ਫ਼ਿਲਮ 'ਜੱਟ ਐਂਡ ਜੂਲੀਅਟ-3' ਵੇਖਣ ਦਾ ਸੁਝਾਅ ਦਿੱਤਾ ਹੈ।ਗਾਇਕ ਨੇ ਇਕ ਵੀਡੀਓ ਵੀ ਸ਼ੇਅਰ ਕੀਤੀ ਹੈ। ਜਿਸ 'ਚ ਦਿਲਜੀਤ ਕਹਿ ਰਹੇ ਹਨ ਕਿ ਤੁਸੀਂ ਕਦੇ ਮਹਿਸੂਸ ਕੀਤਾ ਹੈ ਕਿ ਦੁਨੀਆਂ 'ਚ ਕੰਮ ਕਰਦੇ ਹੋਏ, ਲੋਕਾਂ ਨਾਲ ਮਿਲਦੇ ਹੋਏ ਅਤੇ ਨਾ ਚਾਹੁੰਦੇ ਹੋਏ ਵੀ ਕਈ ਵਿਚਾਰ ਅਸੀਂ ਆਪਣੇ ਅੰਦਰ ਹੀ ਰੱਖ ਲੈਂਦੇ ਹਾਂ, ਜੋ ਸ਼ਾਇਦ ਸਾਡੇ ਨਹੀਂ ਹੁੰਦੇ, ਜਿਨ੍ਹਾਂ ਦੇ ਸਾਡੀ ਜ਼ਿੰਦਗੀ 'ਚ ਕੋਈ ਮਾਅਨੇ ਨਹੀਂ ਹੁੰਦੇ ਤੇ ਬਾਅਦ 'ਚ ਉਹ ਸਾਨੂੰ ਪ੍ਰੇਸ਼ਾਨ ਕਰਦੇ ਹਨ।

ਗਾਇਕ ਨੇ ਸਲਾਹ ਦਿੱਤੀ ਕਿ ਜੇ ਕਿਸੇ ਨੂੰ ਅਜਿਹੇ ਅਣਚਾਹੇ ਵਿਚਾਰ ਪ੍ਰੇਸ਼ਾਨ ਕਰ ਰਹੇ ਹਨ ਤਾਂ ਉਸ ਨੂੰ ਪਹਾੜਾਂ 'ਤੇ ਘੁੰਮਣ ਜਾਣਾ ਚਾਹੀਦਾ ਹੈ। ਇਸ ਤਰੀਕੇ ਕੁਦਰਤ ਦੀ ਗੋਦ 'ਚ ਬੈਠ ਕੇ ਅਸੀਂ ਆਪਣੇ ਅੰਦਰ ਝਾਤੀ ਮਾਰ ਸਕਦੇ ਹਾਂ। ਅਦਾਕਾਰ ਨੇ ਸ਼ਾਂਤੀ ਨਾਲ ਖੁਸ਼ੀ ਦੇ ਛੋਟੇ ਛੋਟੇ ਪਲਾਂ ਨੂੰ ਯਾਦ ਕਰਨ ਅਤੇ ਪ੍ਰਮਾਤਮਾ ਦਾ ਧੰਨਵਾਦ ਕਰਨ ਦੀ ਸਲਾਹ ਦਿੱਤੀ। ਤੁਹਾਨੂੰ ਦੱਸ ਦੇਈਏ ਕਿ ਦਿਲਜੀਤ ਦੋਸਾਂਝ ਲਾਸ ਐਂਜਲਸ ਵਿੱਚ ਕੰਸਰਟ ਰਾਹੀਂ ਇੱਕ ਵਾਰ ਫਿਰ ਧਮਾਲ ਮਚਾਉਣ ਜਾ ਰਹੇ ਹਨ।

ਅਦਾਕਾਰ ਦੇ ਵਰਕਫਰੰਟ ਦੀ ਗੱਲ ਕਰੀਏ ਤਾਂ ਉਨ੍ਹਾਂ ਦੀ ਹਾਲ ਹੀ ਵਿੱਚ ਫਿਲਮ ਜੱਟ ਐਂਡ ਜੂਲੀਅਟ ਰਿਲੀਜ਼ ਹੋਈ ਹੈ। ਇਹ ਫਿਲਮ ਬਲਾਕਬਸਟਰ ਸਾਬਤ ਹੋਈ ਹੈ। ਇਸ ਫਿਲਮ ਵਿੱਚ ਉਹ ਮਸ਼ਹੂਰ ਅਦਾਕਾਰਾ ਨੀਰੂ ਬਾਜਵਾ ਨਾਲ ਨਜ਼ਰ ਆਏ ਹਨ।



# ਨੀਦਰਲੈਂਡ ਸਰਕਾਰ ਦਾ ਸਖ਼ਤ ਫ਼ੈਸਲਾ, ਭਾਰਤੀ ਪ੍ਰਵਾਸੀਆਂ 'ਚ 70 ਫ਼ੀਸਦੀ ਗਿਰਾਵਟ



ਐਮਸਟਰਡਮ- ਯੂਰਪੀ ਦੇਸ਼ ਨੀਦਰਲੈਂਡ 'ਚ ਇਕ ਸਾਲ 'ਚ ਭਾਰਤੀ ਪ੍ਰਵਾਸੀਆਂ ਦੀ ਗਿਣਤੀ 'ਚ 70 ਫ਼ੀਸਦੀ ਦੀ ਕਮੀ ਆਈ ਹੈ। ਨੀਦਰਲੈਂਡ ਸਰਕਾਰ ਨੇ 2022 ਵਿੱਚ 14816 ਭਾਰਤੀ ਪ੍ਰਵਾਸੀਆਂ ਨੂੰ ਹੁਨਰਮੰਦ ਵੀਜ਼ੇ ਜਾਰੀ ਕੀਤੇ, ਉੱਥੇ 2023 ਵਿੱਚ ਸਿਰਫ਼ 4520 ਭਾਰਤੀਆਂ ਨੂੰ ਵੀਜ਼ਾ ਦਿੱਤਾ ਗਿਆ। ਪਿਛਲੇ 15 ਸਾਲਾਂ ਦੌਰਾਨ ਨੀਦਰਲੈਂਡ ਆਉਣ ਵਾਲੇ ਭਾਰਤੀਆਂ ਦੀ ਗਿਣਤੀ ਵਿੱਚ ਲਗਾਤਾਰ ਵਾਧਾ ਹੋਇਆ ਹੈ, ਪਰ ਪਿਛਲੇ ਇੱਕ ਸਾਲ ਵਿੱਚ ਇਸ ਵਿੱਚ ਕਾਫੀ ਕਮੀ ਆਈ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਨੀਦਰਲੈਂਡ ਦੀ ਸਰਕਾਰ 2024 'ਚ ਵੀ ਇਸ ਨੂੰ ਘੱਟ ਕਰਨ ਜਾ ਰਹੀ ਹੈ। ਜੂਨ ਤੱਕ ਭਾਰਤੀ ਪ੍ਰਵਾਸੀਆਂ ਨੂੰ ਸਿਰਫ਼ 1800 ਹੁਨਰਮੰਦ ਵੀਜ਼ੇ ਜਾਰੀ ਕੀਤੇ ਗਏ ਹਨ।

ਸਰਕਾਰ ਨੇ ਇਸ ਕਾਰਨ ਲਿਆ ਫ਼ੈਸਲਾ

ਪਿਛਲੇ ਸਾਲ ਰਾਸ਼ਟਰਵਾਦੀ SAC ਪਾਰਟੀ ਦੇ ਸੱਤਾ ਵਿੱਚ ਆਉਣ ਤੋਂ ਬਾਅਦ ਨੀਦਰਲੈਂਡ ਵਿੱਚ ਭਾਰਤੀਆਂ ਦੇ ਵੀਜ਼ੇ ਕੱਟ ਦਿੱਤੇ ਗਏ ਹਨ। ਸੱਤਾਧਾਰੀ ਪਾਰਟੀ ਦਾ ਮੰਨਣਾ ਹੈ ਕਿ ਵਿਦੇਸ਼ਾਂ ਤੋਂ ਆਉਣ ਵਾਲੇ ਲੋਕ ਸਥਾਨਕ ਲੋਕਾਂ ਦੀਆਂ ਨੌਕਰੀਆਂ ਹੜੱਪ ਰਹੇ ਹਨ। ਇਸ ਕਾਰਨ ਸਥਾਨਕ ਲੋਕਾਂ ਵਿੱਚ ਰੋਸ ਹੈ। ਇਨ੍ਹਾਂ ਰਾਸ਼ਟਰਵਾਦੀ ਪਾਰਟੀਆਂ ਨੇ ਚੋਣ ਵਾਅਦੇ ਕੀਤੇ ਸਨ ਕਿ ਅੰਤਰਰਾਸ਼ਟਰੀ ਵੀਜ਼ਿਆਂ 'ਤੇ ਪਾਬੰਦੀਆਂ ਲਗਾਈਆਂ ਜਾਣਗੀਆਂ। ਇਸ ਦੀ ਸ਼ੁਰੂਆਤ ਪਿਛਲੇ ਸਾਲ ਹੋਈ ਸੀ। ਭਾਰਤੀ ਵਿਦਿਆਰਥੀਆਂ ਦੀ ਗਿਣਤੀ ਵੀ ਘਟੀ ਹੈ। 2022 'ਚ ਜਿੱਥੇ 1800 ਵਿਦਿਆਰਥੀ ਸਟੱਡੀ ਵੀਜ਼ੇ 'ਤੇ ਗਏ ਸਨ, ਉੱਥੇ ਹੀ 2023 'ਚ ਇਹ ਗਿਣਤੀ ਘੱਟ ਕੇ ਸਿਰਫ਼ 1400 ਰਹਿ ਗਈ।

ਰਾਸ਼ਟਰਵਾਦੀ ਸਰਕਾਰ ਸਥਾਨਕ ਲੋਕਾਂ ਨੂੰ ਦੇ ਰਹੀ ਨੌਕਰੀਆਂ, ਆਈ.ਟੀ ਸੈਕਟਰ ਵਿੱਚ 40% ਤੱਕ ਭਾਰਤੀ

ਨੀਦਰਲੈਂਡ ਦੇ ਆਈ.ਟੀ ਸੈਕਟਰ ਵਿੱਚ 40% ਤੱਕ ਭਾਰਤੀ ਪੇਸ਼ੇਵਰ ਹਨ। ਇੱਥੋਂ ਦੀ ਸਭ ਤੋਂ ਵੱਡੀ ਸੈਮੀਕੰਡਕਟਰ ਕੰਪਨੀ ASLL ਵਿੱਚ ਭਾਰਤੀਆਂ ਦਾ ਪ੍ਰਭਾਵ ਹੈ। ਭਾਰਤੀਆਂ ਨੂੰ ਉਨ੍ਹਾਂ ਦੀਆਂ ਉੱਚ ਪੇਸ਼ੇਵਰ ਡਿਗਰੀਆਂ ਕਾਰਨ 'ਗਿਆਨ ਪ੍ਰਵਾਸੀ' ਕਿਹਾ ਜਾਂਦਾ ਹੈ। ਐਮਸਟਰਡਮ, ਹੇਗ, ਆਇੰਡਹੋਵਨ ਅਤੇ ਰੋਟਰਡਮ ਵਿੱਚ ਆਈ.ਟੀ ਕੰਪਨੀਆਂ ਵਿੱਚ ਭਾਰਤੀ ਵੱਡੀ ਗਿਣਤੀ ਵਿੱਚ ਹਨ।

ਬ੍ਰਿਟੇਨ ਤੋਂ ਬਾਅਦ ਸਭ ਤੋਂ ਵੱਧ ਭਾਰਤੀ ਨੀਦਰਲੈਂਡ ਵਿੱਚ

ਯੂਰਪ ਵਿੱਚ ਸਭ ਤੋਂ ਵੱਧ ਭਾਰਤੀ ਬ੍ਰਿਟੇਨ ਵਿੱਚ ਹਨ। ਬ੍ਰਿਟੇਨ 'ਚ ਕਰੀਬ 18 ਲੱਖ ਭਾਰਤੀ ਹਨ। ਦੂਜੇ ਨੰਬਰ 'ਤੇ ਨੀਦਰਲੈਂਡ ਹੈ, ਇੱਥੇ ਕਰੀਬ 2.5 ਲੱਖ ਭਾਰਤੀ ਰਹਿੰਦੇ ਹਨ। ਯੂ.ਕੇ ਦਾ ਵੀਜ਼ਾ ਨਾ ਮਿਲਣ ਦੀ ਸੂਰਤ ਵਿੱਚ ਭਾਰਤੀ ਪ੍ਰਵਾਸੀਆਂ ਦੀ ਪਸੰਦ ਨੀਦਰਲੈਂਡ ਹੈ। ਫਰਾਂਸ, ਜਰਮਨੀ ਅਤੇ ਇਟਲੀ ਵਰਗੇ ਹੋਰ ਯੂਰਪੀ ਦੇਸ਼ਾਂ ਵਿੱਚ ਭਾਸ਼ਾ ਦੀ ਸਮੱਸਿਆ ਕਾਰਨ ਲੋਕ ਨੀਦਰਲੈਂਡ ਵੱਲ ਮੁੜਦੇ ਹਨ।

# ਇਸਰਾਈਲੀ ਫੌਜ ਵੱਲੋਂ 'ਗਾਜ਼ਾ ਸਿਟੀ' ਨੂੰ ਖਾਲੀ ਕਰਨ ਦਾ ਹੁਕਮ



ਇਜ਼ਰਾਈਲੀ ਫੌਜ ਨੇ ਸਾਰੇ ਫਿਲਸਤੀਨੀਆਂ ਨੂੰ 'ਗਾਜ਼ਾ ਸਿਟੀ' ਖਾਲੀ ਕਰ ਕੇ ਦੱਖਣ ਵੱਲ ਜਾਣ ਦੇ ਹੁਕਮ ਦਿੱਤੇ ਹਨ। ਇਜ਼ਰਾਈਲੀ ਫੌਜ ਨੇ ਜੰਗ ਪ੍ਰਭਾਵਿਤ ਖੇਤਰ ਦੇ ਉੱਤਰ, ਦੱਖਣ ਅਤੇ ਕੇਂਦਰ 'ਚ ਤਾਜ਼ਾ ਹਮਲੇ ਕੀਤੇ ਹਨ, ਜਿਸ 'ਚ ਪਿਛਲੇ 48 ਘੰਟਿਆਂ 'ਚ ਦਰਜਨਾਂ ਲੋਕਾਂ ਦੀ ਮੌਤ ਹੋ ਗਈ ਹੈ। ਫੌਜੀ ਸਰਗਰਮੀਆਂ 'ਚ ਵਾਧਾ ਉਦੋਂ ਹੋਇਆ ਹੈ ਜਦੋਂ ਅਮਰੀਕਾ, ਮਿਸਰ ਅਤੇ ਕਤਰ ਦੇ ਆਗੂ ਕਤਰ ਦੀ ਰਾਜਧਾਨੀ ਦੋਹਾ 'ਚ ਇਜ਼ਰਾਈਲੀ ਅਧਿਕਾਰੀਆਂ ਨਾਲ ਮੁਲਾਕਾਤ ਕਰ ਰਹੇ ਸਨ ਤਾਂ ਜੋ ਗਾਜ਼ਾ ਦੇ ਹਮਾਸ ਦੇ ਅੱਤਵਾਦੀ ਸਮੂਹ ਨਾਲ ਲੰਬੇ ਸਮੇਂ ਤੋਂ ਪੈਂਡਿੰਗ ਜੰਗਬੰਦੀ ਸਮਝੌਤੇ ਨੂੰ ਅੱਗੇ ਵਧਾਇਆ ਜਾ ਸਕੇ। ਫੌਜ ਨੇ ਸ਼ਹਿਰ 'ਚ ਪਰਚੇ ਸੁੱਟੇ, ਜਿਨ੍ਹਾਂ 'ਚ ਲੋਕਾਂ ਨੂੰ ਦੱਖਣ ਵੱਲ ਜਾਣ ਲਈ ਕਿਹਾ ਗਿਆ ਅਤੇ ਕਿਹਾ, 'ਗਾਜ਼ਾ ਸ਼ਹਿਰ ਇਕ ਖ਼ਤਰਨਾਕ ਜੰਗੀ ਖੇਤਰ ਬਣਿਆ ਰਹੇਗਾ।' ਇਸ ਤੋਂ ਪਹਿਲਾਂ ਬੁੱਧਵਾਰ ਤੜਕੇ ਮੱਧ ਗਾਜ਼ਾ 'ਚ ਇਜ਼ਰਾਈਲੀ ਹਵਾਈ ਹਮਲੇ 'ਚ 6 ਬੱਚਿਆਂ ਅਤੇ 3 ਔਰਤਾਂ ਸਮੇਤ 20 ਫਿਲਸਤੀਨੀ ਮਾਰੇ ਗਏ, ਜਿਨ੍ਹਾਂ 'ਚੋਂ ਕੁਝ ਇਜ਼ਰਾਈਲੀ ਫੌਜ ਵੱਲੋਂ ਐਲਾਨੇ ਅਖੌਤੀ 'ਸੁਰੱਖਿਅਤ ਜ਼ੋਨ' ਦੇ ਅੰਦਰ ਸਨ। ਇਹ ਜਾਨਲੇਵਾ ਹਮਲੇ ਕੇਂਦਰੀ ਸ਼ਹਿਰ ਦੀਰ ਅਲ-ਬਲਾਹ ਨੇੜੇ ਸ਼ਰਨਾਰਥੀ ਕੈਂਪਾਂ 'ਤੇ ਲਗਾਤਾਰ ਦੂਜੀ ਰਾਤ ਕੀਤੇ ਗਏ।ਗਾਜ਼ਾ ਨੇ ਨਿਵਾਸੀਆਂ ਨੂੰ ਦੇਸ਼ ਛੱਡਣ ਦਾ ਦਿੱਤਾ ਸੀ ਹੁਕਮ

ਇਜ਼ਰਾਈਲ ਦਾ ਕਹਿਣਾ ਹੈ ਕਿ ਉਹ ਹਮਾਸ ਦੇ ਅੱਤਵਾਦੀਆਂ ਨੂੰ ਨਿਸ਼ਾਨਾ ਬਣਾ ਰਿਹਾ ਹੈ, ਜੋ 9 ਮਹੀਨਿਆਂ ਦੇ ਫੌਜੀ ਹਮਲੇ ਤੋਂ ਬਾਅਦ ਗਾਜ਼ਾ ਦੇ ਵੱਖ-ਵੱਖ ਹਿੱਸਿਆਂ ਵਿਚ ਮੁੜ ਇਕੱਠੇ ਹੋ ਰਹੇ ਹਨ ਪਰ ਹਾਲ ਹੀ ਦੇ ਦਿਨਾਂ ਵਿਚ ਪੂਰੇ ਖੇਤਰ ਵਿਚ ਭਾਰੀ ਹਮਲਿਆਂ ਦਾ ਮੰਤਵ ਜੰਗਬੰਦੀ ਦੀਆਂ ਕੋਸ਼ਿਸ਼ਾਂ ਵਿਚਕਾਰ ਹਮਾਸ 'ਤੇ ਦਬਾਅ ਵਧਾਉਣਾ ਵੀ ਹੋ ਸਕਦਾ ਹੈ। ਇਜ਼ਰਾਈਲ ਨੇ ਗਾਜ਼ਾ ਸ਼ਹਿਰ ਸਮੇਤ ਉੱਤਰੀ ਗਾਜ਼ਾ ਦੇ ਵਸਨੀਕਾਂ ਨੂੰ ਕੁਝ ਮਹੀਨੇ ਪਹਿਲਾਂ ਦੱਖਣ ਵੱਲ ਜਾਣ ਦਾ ਹੁਕਮ ਦਿੱਤਾ ਸੀ ਕਿਉਂਕਿ ਉਹ ਉੱਤਰੀ ਖੇਤਰ ਵਿਚ ਇਕ ਫੌਜੀ ਕਾਰਵਾਈ ਕਰ ਰਿਹਾ ਸੀ। ਇਸ ਦੇ ਬਾਵਜੂਦ ਲੱਖਾਂ ਫਿਲਸਤੀਨੀ ਬੁਰੀ ਤਰ੍ਹਾਂ ਪ੍ਰਭਾਵਤ ਹਨ ਤੇ ਉੱਤਰੀ ਖੇਤਰ 'ਚ ਰਹਿੰਦੇ ਹਨ । ਕਈ ਫਿਲਸਤੀਨੀ ਕਹਿੰਦੇ ਹਨ ਕਿ ਉਨ੍ਹਾਂ ਕੋਲ ਹੋਰ ਕਿਤੇ ਜਾਣ ਦੀ ਜਗ੍ਹਾ ਨਹੀਂ ਹੈ।

ਗਾਜ਼ਾ ਸ਼ਹਿਰ ਉਨ੍ਹਾਂ ਖੇਤਰਾਂ 'ਚੋਂ ਇਕ ਹੈ, ਜਿਸ ਨੂੰ ਜੰਗ ਦੀ ਸ਼ੁਰੂਆਤ 'ਚ ਨਿਸ਼ਾਨਾ ਬਣਾਇਆ ਗਿਆ ਸੀ ਅਤੇ ਹੁਣ ਦੁਬਾਰਾ ਹਮਲੇ ਕੀਤੇ ਜਾ ਰਹੇ ਹਨ।

# ਸਖ਼ਤ ਗਰਮੀ ਨੇ ਕੈਨੇਡੀਅਨਾਂ ਦੀ ਕਾਰਵਾਈ ਤੌਬਾ!



ਕੈਨੇਡਾ ਦੇ ਕੁਝ ਚੋਣਵੇਂ ਸੂਬਿਆਂ ਨੂੰ ਛੱਡ ਕੇ ਬ੍ਰਿਟਿਸ਼ ਕੋਲੰਬੀਆਂ ਸੂਬੇ 'ਚ ਪਿਛਲੇ ਦੋ ਕੁ ਦਿਨਾਂ ਤੋਂ ਸੂਰਜ ਦੇਵਤਾ ਦੀ 'ਆਪਾਰ ਕ੍ਰਿਪਾ' ਸਦਕਾ ਪੈ ਰਹੀ ਲੋਹੜੇ ਦੀ ਗਰਮੀ ਦੇ ਪ੍ਰਕੋਪ ਨੇ ਇਕੇਰਾਂ ਤਾਂ ਬਹੁਗਿਣਤੀ ਕੈਨੇਡੀਅਨਾਂ ਦੀ 'ਤੌਬਾ' ਕਰਵਾ ਛੱਡੀ ਜਾਪਦੀ ਹੈ। ਇੱਥੇ ਜ਼ਿਕਰਯੋਗ ਹੈ ਕਿ ਮੌਸਮ ਵਿਭਾਗ ਦੇ ਮਾਹਿਰਾਂ ਵੱਲੋਂ ਹਫ਼ਤਾ ਪਹਿਲਾਂ ਇਸਦੀ ਭਵਿੱਖਬਾਣੀ ਕਰਦਿਆਂ ਆਮ ਲੋਕਾਂ ਨੂੰ ਸਾਵਧਾਨ ਰਹਿਣ ਦੀ ਸਲਾਹ ਦਿੱਤੀ ਗਈ ਸੀ। ਭਾਵੇਂ ਕਿ ਗਰਮੀ ਦੇ ਵੱਧਣ ਦੇ ਪ੍ਰਕੋਪ ਦਾ ਸਿਲਸਿਲਾ ਪਿਛਲੇ ਹਫ਼ਤੇ ਤੋਂ ਹੀ ਆਰੰਭ ਹੋ ਗਿਆ ਸੀ, ਪ੍ਰੰਤੂ ਮੰਗਲਵਾਰ ਵਾਲੇ ਦਿਨ ਇੱਥੋਂ ਦਾ ਤਾਪਮਾਨ 33 ਸੈਲਸੀਅਸ ਦੇ ਸਿਖ਼ਰ ਨੂੰ ਛੂਹ ਜਾਣ ਕਾਰਨ ਵੈਨਕੂਵਰ, ਸਰੀ, ਰਿਚਮੰਡ, ਐਬਸਫੋਰਡ, ਚਿਲਾਵੈਕ ਅਤੇ ਲੈਡਨਰ ਸਮੇਤ ਕਈ ਹੋਰ ਸ਼ਹਿਰ ਭੱਠ ਵਾਂਗ ਤਪਦੇ ਮਹਿਸੂਸ ਹੋਏ।

*ਠੇਕਿਆਂ 'ਤੇ ਬੀਅਰਾਂ ਦੇ ਸ਼ੌਕੀਨਾਂ ਦੀ ਗਿਣਤੀ ਵਧੀ

ਸਖ਼ਤ ਗਰਮੀ ਅਤੇ ਤਿੱਖੀ ਧੁੱਪ ਕਾਰਨ ਬਹੁਗਿਣਤੀ ਕਾਮੇ 'ਅੱਧੀ ਛੁੱਟੀ ਸਾਰੀ' ਕਰਕੇ ਦੁਪਿਹਰ ਸਮੇਂ ਹੀ ਘਰਾਂ ਨੂੰ ਪਰਤਦੇ ਨਜ਼ਰੀ ਆਏ। ਗਰਮੀ ਦਾ ਤਪਸ਼ ਤੋਂ ਆਰਜੀ ਰਾਹਤ ਪਾਉਣ ਲਈ ਘੁੰਮਣ-ਫਿਰਨ ਦੇ ਸ਼ੌਕੀਨਾਂ ਦੀਆਂ ਇੱਥੋਂ ਦੇ ਪ੍ਰਮੁੱਖ ਸਮੁੰਦਰੀ ਬੀਚਾਂ ਵਾਈਟ ਰੌਕ ਅਤੇ ਵਾਟਰ ਫ਼ਰੰਟ ਆਦਿ 'ਤੇ ਖੂਬ ਰੌਣਕਾਂ ਲੱਗੀਆਂ ਵੇਖੀਆਂ ਗਈਆਂ। ਇਸਦੇ ਨਾਲ-ਨਾਲ ਇੱਥੋਂ ਦੇ ਲੀਕੁਅਰ ਸਟੋਰਾਂ (ਸ਼ਰਾਬ ਦੇ ਠੇਕਿਆਂ) 'ਤੇ ਬੀਅਰਾਂ ਪੀਣ ਦੇ ਸ਼ੌਕੀਨ ਕੁਝ ਪਿਆਕੜਾਂ ਦੀਆਂ ਆਮ ਦਿਨਾਂ ਨਾਲ ਵੱਧ ਹਾਜ਼ਰੀ ਭਰਦੀ ਵੇਖੀ ਗਈ। ਵੈਨਕੂਵਰ ਅਤੇ ਸਰੀ ਦੇ ਕੁਝ ਸਟੋਰਾਂ 'ਤੇ ਪੱਖੇ ਅਤੇ ਏ. ਸੀ. ਖਰੀਦਣ ਵਾਲੇ ਗਾਹਕਾਂ ਦੀ ਗਿਣਤੀ 'ਚ ਇਕਦਮ ਵਾਧਾ ਹੋਣ ਦੀਆਂ ਵੀ ਸੂਚਨਾਵਾਂ ਹਨ।

# ਕੈਨੇਡਾ ਰਹਿੰਦੇ ਪੁੱਤ ਨਾਲ ਗੱਲ ਕਰਕੇ ਹਟਿਆ ਸੀ ਪਰਿਵਾਰ, ਕੁਝ ਦੇਰ ਮਗਰੋਂ ਆਏ ਫ਼ੋਨ ਨੇ ਪਵਾ ਦਿੱਤੇ ਕੀਰਨੇ



ਸਥਾਨਕ ਪਿੰਡ ਕੋਟ ਫਤੂਹੀ ਦਾ 24 ਸਾਲਾ ਨੌਜਵਾਨ ਰੋਜ਼ਗਾਰ ਦੀ ਭਾਲ ਵਿਚ ਕੈਨੇਡਾ ਦੇ ਸ਼ਹਿਰ ਸਰੀ ਵਰਕ ਪਰਮਿਟ 'ਤੇ ਗਿਆ ਹੋਇਆ ਸੀ। ਬੀਤੀ ਰਾਤ ਹਾਰਟ ਅਟੈਕ ਹੋਣ ਨਾਲ ਅਚਾਨਕ ਉਸਦੀ ਮੌਤ ਹੋਣ ਦਾ ਸਮਾਚਾਰ ਮਿਲਿਆ ਹੈ। ਮ੍ਰਿਤਕ ਲੜਕੇ ਦੇ ਪਿਤਾ ਸਰਬਜੀਤ ਸਿੰਘ, ਮਾਤਾ ਸ਼ਲਿੰਦਰ ਕੌਰ, ਬਾਬਾ ਸੱਤਪਾਲ, ਦਾਦੀ ਮਹਿੰਦਰ ਕੌਰ, ਨੰਬਰਦਾਰ ਰਾਮ ਸਰੂਪ ਆਦਿ ਨੇ ਦੱਸਿਆ ਕਿ ਉਨ੍ਹਾਂ ਦਾ ਅਣ-ਵਿਆਹਿਆ ਲੜਕਾ ਭੁਪਿੰਦਰ ਸਿੰਘ ਉਰਫ ਭਿੰਦਾ (24) ਪਿਛਲੇ ਇਕ ਸਾਲ ਗਿਆਰਾਂ ਮਹੀਨੇ ਤੋਂ ਕੈਨੇਡਾ ਦੇ ਸ਼ਹਿਰ ਸਰੀ ਵਿਚ ਰਹਿ ਰਿਹਾ ਸੀ। ਬੀਤੀ ਰਾਤ ਉਸ ਨੇ ਭਾਰਤ ਰਹਿੰਦੇ ਆਪਣੇ ਪਰਿਵਾਰ ਨਾਲ ਰਾਤ 12 ਕੁ ਵਜੇ ਤੱਕ ਫੋਨ 'ਤੇ ਗੱਲਬਾਤ ਕੀਤੀ ਸੀ।ਭਾਰਤੀ ਸਮੇਂ ਅਨੁਸਾਰ ਤਿੰਨ ਕੁ ਵਜੇ ਦੇ ਕਰੀਬ ਉਸ ਨਾਲ ਰਹਿੰਦੇ ਦੋਸਤਾਂ ਨੇ ਘਰ ਦਿਆਂ ਨੂੰ ਫੋਨ 'ਤੇ ਦੱਸਿਆ ਕਿ ਭੁਪਿੰਦਰ ਸਿੰਘ ਬਾਥਰੂਮ ਗਿਆ ਹੋਇਆ ਸੀ। ਜਦੋਂ ਉਸ ਨੇ ਕਾਫੀ ਟਾਈਮ ਬਾਥਰੂਮ ਦਾ ਕੁੰਡਾ ਨਾ ਖੋਲ੍ਹਿਆ ਤਾਂ ਦੋਸਤਾਂ ਨੇ ਸਰੀ ਦੀ ਪੁਲਸ ਨੂੰ ਸੂਚਿਤ ਕੀਤਾ। ਮੌਕੇ 'ਤੇ ਪੁਲਸ ਨੇ ਆ ਕੇ ਬਾਥਰੂਮ ਦਾ ਦਰਵਾਜ਼ਾ ਖੋਲ੍ਹਿਆ ਤਾਂ ਹਾਰਟ ਅਟੈਕ ਹੋਣ ਨਾਲ ਉਸ ਦੀ ਮੌਤ ਹੋ ਚੁੱਕੀ ਸੀ। ਇਸ ਸਬੰਧ ਵਿਚ ਮੌਕੇ 'ਤੇ ਪੁਲਸ ਵੱਲੋਂ ਮ੍ਰਿਤਕ ਦੇ ਪਰਿਵਾਰ ਨੂੰ ਵੀ ਸੂਚਿਤ ਕੀਤਾ ਗਿਆ। ਮ੍ਰਿਤਕ ਭੁਪਿੰਦਰ ਸਿੰਘ ਦੇ ਪਰਿਵਾਰ ਨੇ ਪੰਜਾਬ ਤੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਹੈ, ਕਿ ਉਨ੍ਹਾਂ ਦੇ ਪੁੱਤਰ ਦੀ ਲਾਸ਼ ਪੰਜਾਬ ਲਿਆਉਣ ਵਿਚ ਉਨ੍ਹਾਂ ਦੀ ਮਦਦ ਕੀਤੀ ਜਾਵੇ।

# ਇਨ੍ਹਾਂ ਕਾਲਜਾਂ ਤੇ ਯੂਨੀਵਰਸਿਟੀਆਂ ਦਾ ਸਟੱਡੀ ਪਰਮਿਟ ਰੱਦ ਕਰ ਸਕਦੀ ਹੈ ਕੈਨੇਡਾ ਸਰਕਾਰ



ਕੈਨੇਡਾ ਉਨ੍ਹਾਂ ਕਾਲਜਾਂ ਅਤੇ ਯੂਨੀਵਰਸਿਟੀਆਂ ਲਈ ਅਧਿਐਨ ਪਰਮਿਟ ਦੀ ਪ੍ਰਕਿਰਿਆ ਬੰਦ ਕਰ ਦੇਵੇਗਾ ਜਿਹੜੇ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਟਰੈਕ ਕਰਨ ਵਿਚ ਅਸਫਲ ਰਹਿੰਦੇ ਹਨ। ਇਮੀਗ੍ਰੇਸ਼ਨ ਮੰਤਰੀ ਮਾਰਕ ਮਿਲਰ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਵਾਧੇ ਨੂੰ ਰੋਕਣ ਲਈ ਬਦਲਾਅ ਕਰ ਰਹੇ ਹਨ। ਪ੍ਰਸਤਾਵਿਤ ਨਿਯਮ ਕਾਲਜਾਂ ਅਤੇ ਯੂਨੀਵਰਸਿਟੀਆਂ ਨੂੰ ਸੰਘੀ ਇਮੀਗ੍ਰੇਸ਼ਨ ਵਿਭਾਗ ਨੂੰ ਰਿਪੋਰਟ ਕਰਨ ਲਈ ਮਜਬੂਰ ਕਰਨਗੇ ਕਿ ਕੀ ਕੋਈ ਵਿਦਿਆਰਥੀ ਸਕੂਲ ਜਾ ਰਿਹਾ ਹੈ ਅਤੇ ਸਾਰੀਆਂ ਸਟੱਡੀ ਪਰਮਿਟ ਲੋੜਾਂ ਦੀ ਪਾਲਣਾ ਕਰ ਰਿਹਾ ਹੈ। ਇਹ ਕਦਮ ਕੈਨੇਡਾ ਦੇ ਅੰਤਰਰਾਸ਼ਟਰੀ ਵਿਦਿਆਰਥੀ ਪ੍ਰੋਗਰਾਮ ਵਿਚ ਵਿਸ਼ਵਾਸ ਬਹਾਲ ਕਰਨ ਦੀਆਂ ਹਾਲੀਆ ਕੋਸ਼ਿਸ਼ਾਂ ਦਾ ਹਿੱਸਾ ਹੈ। ਇਹ ਪ੍ਰੋਗਰਾਮ ਦੇਸ਼ ਭਰ ਵਿੱਚ ਏਸ਼ੀਆਈ ਅਮਰੀਕੀਆਂ, ਮੂਲ ਹਵਾਈ ਨਾਗਰਿਕਾਂ ਅਤੇ ਪੈਸੀਫਿਕ ਆਈਲੈਂਡਰਜ਼ (AANHPIs) ਦੇ ਵੋਟਰਾਂ, ਭਾਈਚਾਰਿਆਂ ਅਤੇ ਆਗੂਆਂ ਨੂੰ ਸੰਗਠਿਤ ਕਰੇਗਾ। ਹੈਰਿਸ ਨੇ ਦੋਸ਼ ਲਾਇਆ ਕਿ ਟਰੰਪ ਦੇ ਸਲਾਹਕਾਰਾਂ ਨੇ 900 ਪੰਨਿਆਂ ਦਾ 'ਬਲੂਪ੍ਰਿੰਟ' ਤਿਆਰ ਕੀਤਾ ਹੈ ਜਿਸ ਨੂੰ ਉਹ 'ਪ੍ਰੋਜੈਕਟ 2025' ਕਹਿ ਰਹੇ ਹਨ ਜਿਸ ਵਿੱਚ ਟਰੰਪ ਦੇ ਦੂਜੇ ਕਾਰਜਕਾਲ ਵਿੱਚ ਕੀਤੇ ਜਾਣ ਵਾਲੇ ਕੰਮਾਂ ਦਾ ਵੇਰਵਾ ਦਿੱਤਾ ਗਿਆ ਹੈ। ਇਸ ਵਿੱਚ ਸਮਾਜਿਕ ਸੁਰੱਖਿਆ ਵਿੱਚ ਕਟੌਤੀ, ਇਨਸੁਲਿਨ 'ਤੇ 35 ਡਾਲਰ ਦੀ ਸੀਮਾ ਨੂੰ ਖ਼ਤਮ ਕਰਨ, ਸਿੱਖਿਆ ਵਿਭਾਗ ਨੂੰ ਖ਼ਤਮ ਕਰਨ ਅਤੇ ਹੈੱਡ ਸਟਾਰਟ ਵਰਗੇ ਪ੍ਰੋਗਰਾਮਾਂ ਨੂੰ ਖ਼ਤਮ ਕਰਨ ਵਰਗੇ ਕਦਮ ਸ਼ਾਮਲ ਹਨ। ਉਪ ਰਾਸ਼ਟਰਪਤੀ ਨੇ ਹਾਜ਼ਰੀਨ ਦੀਆਂ ਤਾੜੀਆਂ ਵਿਚਾਲੇ ਕਿਹਾ,"ਕੋਈ ਗਲਤੀ ਨਾ ਕਰੋ, ਜੇਕਰ ਟਰੰਪ ਨੂੰ ਮੌਕਾ ਮਿਲਦਾ ਹੈ ਤਾਂ ਉਹ ਹਰ ਰਾਜ ਵਿੱਚ ਗਰਭਪਾਤ 'ਤੇ ਪਾਬੰਦੀ ਲਗਾਉਣ ਲਈ ਰਾਸ਼ਟਰੀ ਗਰਭਪਾਤ ਪਾਬੰਦੀ' 'ਤੇ ਦਸਤਖ਼ਤ ਕਰਨਗੇ ਪਰ ਅਸੀਂ ਅਜਿਹਾ ਨਹੀਂ ਹੋਣ ਦੇਵਾਂਗੇ ਕਿਉਂਕਿ ਅਸੀਂ ਔਰਤਾਂ 'ਤੇ ਭਰੋਸਾ ਕਰਦੇ ਹਾਂ। ਸਰਕਾਰ ਨੂੰ ਔਰਤਾਂ ਨੂੰ ਇਹ ਦੱਸਣ ਦੀ ਲੋੜ ਨਹੀਂ ਹੈ ਕਿ ਉਨ੍ਹਾਂ ਨੂੰ ਆਪਣੇ ਸਰੀਰ ਨਾਲ ਕੀ ਕਰਨਾ ਚਾਹੀਦਾ ਹੈ। ਹੈਰਿਸ ਨੇ ਕਿਹਾ ਕਿ ਇਹ ਸਾਡੇ ਜੀਵਨ ਦੀ ਸਭ ਤੋਂ ਮਹੱਤਵਪੂਰਨ ਚੋਣ ਹੈ।ਇਮੀਗ੍ਰੇਸ਼ਨ ਅਧਿਕਾਰੀਆਂ ਨੇ ਕਿਹਾ ਕਿ ਸੋਧਾਂ ਉਨ੍ਹਾਂ ਨੂੰ ਇਹ ਯਕੀਨੀ ਬਣਾਉਣ ਲਈ ਸਾਧਨ ਪ੍ਰਦਾਨ ਕਰਨਗੀਆਂ ਕਿ ਸਿਰਫ "ਸੱਚੇ" ਕਾਲਜ ਅਤੇ ਯੂਨੀਵਰਸਿਟੀਆਂ ਅਧਿਐਨ ਪਰਮਿਟ ਲਈ ਯੋਗ ਹੋਣਗੀਆਂ। ਵਿਦਿਆਰਥੀ ਨੂੰ ਸਵੀਕ੍ਰਿਤੀ ਦੀ ਪੁਸ਼ਟੀ ਕਰਨ ਲਈ ਇਮੀਗ੍ਰੇਸ਼ਨ ਵਿਭਾਗ ਦੀ ਬੇਨਤੀ ਦਾ ਜਵਾਬ ਦੇਣ ਲਈ 10 ਦਿਨ ਦਿੱਤੇ ਜਾਣਗੇ। ਉਨ੍ਹਾਂ ਕੋਲ ਹਰੇਕ ਵਿਦਿਆਰਥੀ ਦੇ ਦਾਖਲੇ ਦੀ ਸਥਿਤੀ ਅਤੇ ਕੀ ਉਹ ਸਰਗਰਮੀ ਨਾਲ ਆਪਣਾ ਕੋਰਸ ਕਰ ਰਹੇ ਹਨ, ਬਾਰੇ ਇਕ ਪਾਲਣਾ ਰਿਪੋਰਟ ਦਰਜ ਕਰਨ ਲਈ 60 ਦਿਨ ਵੀ ਹੋਣਗੇ।

# ਦਿੱਲੀ ਵਿੱਚ ਸਭ ਤੋਂ ਇਤਿਹਾਸਕ ਅਤੇ ਸੁੰਦਰ ਗੁਰਦੁਆਰੇ

ਦਿੱਲੀ, ਭਾਰਤ ਦੀ ਰਾਜਧਾਨੀ, ਬਹੁਤ ਸਾਰੇ ਪ੍ਰਸਿੱਧ ਗੁਰਦੁਆਰਿਆਂ ਦਾ ਘਰ ਹੈ ਜੋ ਸਿੱਖ ਧਰਮ ਦੀ ਅਮੀਰ ਵਿਰਾਸਤ ਅਤੇ ਵਿਰਾਸਤ ਨੂੰ ਦਰਸਾਉਂਦੇ ਹਨ। ਇਹ ਅਧਿਆਤਮਿਕ ਰਤਨ ਸਿੱਖ ਗੁਰੂਆਂ ਦੀਆਂ ਕਹਾਣੀਆਂ, ਉਨ੍ਹਾਂ ਦੀਆਂ ਸਿੱਖਿਆਵਾਂ ਅਤੇ ਵਿਸ਼ਵਾਸ ਲਈ ਉਨ੍ਹਾਂ ਦੀਆਂ ਕੁਰਬਾਨੀਆਂ ਨੂੰ ਬਿਆਨ ਕਰਦੇ ਹਨ। ਉਹ ਭਾਈਚਾਰਕ ਸੇਵਾ ਦੇ ਕੇਂਦਰਾਂ ਵਜੋਂ ਵੀ ਕੰਮ ਕਰਦੇ ਹਨ, ਜਿੱਥੇ ਕੋਈ ਵੀ ਲੰਗਰਾਂ (ਕਮਿਊਨਿਟੀ ਰਸੋਈਆਂ) ਵਿੱਚ ਮੁਫਤ ਭੋਜਨ ਦਾ ਆਨੰਦ ਲੈ ਸਕਦਾ ਹੈ ਜੋ 24 ਘੰਟੇ ਚੱਲਦੇ ਹਨ। ਇਹ ਲੰਗਰ ਸਭ ਲਈ ਬਰਾਬਰਤਾ ਅਤੇ ਦਇਆ ਦੇ ਸਿੱਖ ਸਿਧਾਂਤ ਦਾ ਪ੍ਰਗਟਾਵਾ ਹਨ। 2024 ਤੱਕ, ਦਿੱਲੀ ਵਿੱਚ 40 ਤੋਂ ਵੱਧ ਗੁਰਦੁਆਰੇ ਹਨ, ਹਰ ਇੱਕ ਆਪਣੇ ਇਤਿਹਾਸ ਅਤੇ ਮਹੱਤਵ ਨਾਲ।

ਕੁਝ ਸਭ ਤੋਂ ਵੱਡੇ ਅਤੇ ਪ੍ਰਮੁੱਖ ਹਨ ਦਿੱਲੀ ਗੁਰਦੁਆਰਾ ਸਾਹਿਬ, ਜਿਸ ਨੂੰ ਬੰਗਲਾ ਸਾਹਿਬ ਵੀ ਕਿਹਾ ਜਾਂਦਾ ਹੈ, ਜੋ ਅੱਠਵੇਂ ਸਿੱਖ ਗੁਰੂ, ਗੁਰੂ ਹਰਿਕ੍ਰਿਸ਼ਨ ਨੂੰ ਸਮਰਪਿਤ ਹੈ; ਗੁਰਦੁਆਰਾ ਨਾਨਕ ਪਿਆਓ ਸਾਹਿਬ, ਜੋ ਉਹ ਸਥਾਨ ਹੈ ਜਿੱਥੇ ਗੁਰੂ ਨਾਨਕ ਦੇਵ ਜੀ, ਪਹਿਲੇ ਸਿੱਖ ਗੁਰੂ, ਨੇ ਡੇਰਾ ਲਾਇਆ ਅਤੇ ਪਿਆਸੇ ਲੋਕਾਂ ਨੂੰ ਜਲ ਛਕਾਇਆ; ਅਤੇ ਗੁਰਦੁਆਰਾ ਬਾਲਾ ਸਾਹਿਬ, ਜੋ ਕਿ ਉਹ ਸਥਾਨ ਹੈ ਜਿੱਥੇ ਦਸਵੇਂ ਸਿੱਖ ਗੁਰੂ, ਗੁਰੂ ਗੋਬਿੰਦ ਸਿੰਘ ਦੀ ਪਤਨੀ ਮਾਤਾ ਸੁੰਦਰੀ ਦਾ ਦੇਹਾਂਤ ਹੋਇਆ ਸੀ।



ਗੁਰਦੁਆਰਾ ਬੰਗਲਾ ਸਾਹਿਬ, ਦਿੱਲੀ ਦੇ ਦਿਲ ਵਿੱਚ ਸਥਿਤ, ਅੱਠਵੇਂ ਸਿੱਖ ਗੁਰੂ, ਗੁਰੂ ਹਰਿਕ੍ਰਿਸ਼ਨ ਨੂੰ ਸਮਰਪਿਤ ਇੱਕ ਸ਼ਾਨਦਾਰ ਢਾਂਚੇ ਵਜੋਂ ਖੜ੍ਹਾ ਹੈ। ਮੂਲ ਰੂਪ ਵਿੱਚ ਰਾਜਾ ਜੈ ਸਿੰਘ ਦੀ ਮਲਕੀਅਤ ਵਾਲਾ ਇੱਕ ਬੰਗਲਾ, ਬਾਅਦ ਵਿੱਚ ਗੁਰੂ ਹਰਿਕ੍ਰਿਸ਼ਨ ਦੇ ਉੱਥੇ ਰਹਿਣ ਤੋਂ ਬਾਅਦ ਇਹ ਇੱਕ ਪਵਿੱਤਰ ਸਥਾਨ ਬਣ ਗਿਆ। ਕੰਪਲੈਕਸ ਦੇ ਅੰਦਰ ਆਈਕਾਨਿਕ ਸਰੋਵਰ (ਤਾਲਾਬ) ਇੱਕ ਪ੍ਰਮੁੱਖ ਆਕਰਸ਼ਣ ਹੈ, ਅਤੇ ਗੁਰਦੁਆਰੇ ਵਿੱਚ ਇੱਕ ਵਿਲੱਖਣ ਸੁਨਹਿਰੀ ਗੁੰਬਦ ਵੀ ਹੈ। ਸ਼ਰਧਾਲੂ ਸ਼ਾਂਤ ਮਾਹੌਲ ਅਤੇ ਗੁਰੂ ਹਰਿਕ੍ਰਿਸ਼ਨ ਨਾਲ ਜੁੜੇ ਹਮਦਰਦ ਇਤਿਹਾਸ ਵਿੱਚ ਦਿਲਾਸਾ ਪਾਉਂਦੇ ਹਨ।



ਅੰਮ੍ਰਿਤਸਰ ਰਾਹੀਂ ਆਪਣੀ ਅਧਿਆਤਮਿਕ ਯਾਤਰਾ ਜਾਰੀ ਰੱਖਦੇ ਹੋਏ, ਅਸੀਂ ਦੁਰਗਿਆਣਾ ਮੰਦਿਰ ਪਹੁੰਚਦੇ ਹਾਂ। ਦੇਵੀ ਦੁਰਗਾ ਨੂੰ ਸਮਰਪਿਤ ਇਹ ਸ਼ਾਨਦਾਰ ਅਸਥਾਨ, ਹਰਿਮੰਦਰ ਸਾਹਿਬ ਦੀ ਇਮਾਰਤਸਾਜ਼ੀ ਦੀ ਸ਼ਾਨ ਨੂੰ ਗੂੰਜਦਾ ਹੈ। ਸੋਨੇ ਅਤੇ ਸੰਗਮਰਮਰ ਨਾਲ ਸਜਿਆ ਇਹ ਮੰਦਰ ਦੇਖਣਯੋਗ ਹੈ। ਸ਼ਰਧਾਲੂ ਇੱਥੇ ਆਸ਼ੀਰਵਾਦ ਲੈਣ ਆਉਂਦੇ ਹਨ, ਅਤੇ ਮੰਦਰ ਦੀ ਪਵਿੱਤਰ ਆਭਾ ਉਨ੍ਹਾਂ ਦੀਆਂ ਰੂਹਾਂ ਨੂੰ ਸਕੂਨ ਪ੍ਰਦਾਨ ਕਰਦੀ ਹੈ।



ਚਾਂਦਨੀ ਚੌਂਕ, ਦਿੱਲੀ ਵਿੱਚ ਸਥਿਤ, ਗੁਰਦੁਆਰਾ ਸੀਸ ਗੰਜ ਸਾਹਿਬ ਲਚਕੀਲੇਪਣ ਅਤੇ ਕੁਰਬਾਨੀ ਦਾ ਪ੍ਰਮਾਣ ਹੈ। ਨੌਵੇਂ ਸਿੱਖ ਗੁਰੂ, ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦੀ ਯਾਦ ਵਿਚ ਬਣਾਇਆ ਗਿਆ, ਗੁਰਦੁਆਰਾ ਉਸ ਥਾਂ 'ਤੇ ਖੜ੍ਹਾ ਹੈ ਜਿੱਥੇ ਉਨ੍ਹਾਂ ਨੂੰ ਸ਼ਹੀਦ ਕੀਤਾ ਗਿਆ ਸੀ। ਵਿਸ਼ਾਲ ਢਾਂਚੇ ਵਿੱਚ ਇਤਿਹਾਸਕ ਬਾਉਲੀ ਸਾਹਿਬ ਸ਼ਾਮਲ ਹੈ, ਇੱਕ ਖੂਹ ਜੋ ਗੁਰੂ ਤੇਗ ਬਹਾਦਰ ਜੀ ਦੀ ਕੈਦ ਦੌਰਾਨ ਪਾਣੀ ਦੇ ਸਰੋਤ ਵਜੋਂ ਕੰਮ ਕਰਦਾ ਸੀ। ਗੁਰਦੁਆਰਾ ਸਿੱਖ ਬਹਾਦਰੀ ਅਤੇ ਧਾਰਮਿਕ ਆਜ਼ਾਦੀ ਦੀ ਰੱਖਿਆ ਦਾ ਪ੍ਰਤੀਕ ਹੈ।

ਦਿੱਲੀ ਦਾ ਗੁਰਦੁਆਰਾ ਰਕਾਬ ਗੰਜ ਸਾਹਿਬ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦੀ ਯਾਦ ਦਿਵਾਉਂਦਾ ਹੈ। ਇਹ ਉਸ ਸਥਾਨ 'ਤੇ ਬਣਾਇਆ ਗਿਆ ਹੈ ਜਿੱਥੇ ਗੁਰੂ ਜੀ ਦੀ ਦੇਹ ਨੂੰ ਫਾਂਸੀ ਤੋਂ ਬਾਅਦ ਸਸਕਾਰ ਕੀਤਾ ਗਿਆ ਸੀ। ਗੁਰਦੁਆਰੇ ਦਾ ਆਰਕੀਟੈਕਚਰ ਉਹਨਾਂ ਘਟਨਾਵਾਂ ਦੇ ਇਤਿਹਾਸਕ ਮਹੱਤਵ ਨੂੰ ਦਰਸਾਉਂਦਾ ਹੈ ਜੋ ਵਾਪਰੀਆਂ, ਪ੍ਰਤੀਬਿੰਬ ਅਤੇ ਯਾਦ ਲਈ ਇੱਕ ਪਵਿੱਤਰ ਸਥਾਨ ਵਜੋਂ ਸੇਵਾ ਕਰਦੀਆਂ ਹਨ। ਸਿੱਖ ਨੌਵੇਂ ਗੁਰੂ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਸ਼ਰਧਾਲੂ ਗੁਰਦੁਆਰਾ ਰਕਾਬ ਗੰਜ ਸਾਹਿਬ ਵਿਖੇ ਆਉਂਦੇ ਹਨ।





ਗੁਰਦੁਆਰਾ ਬਾਬਾ ਬੰਦਾ ਸਿੰਘ ਬਹਾਦਰ, ਮਹਿਰੌਲੀ, ਦਿੱਲੀ ਵਿੱਚ ਸਥਿਤ, ਸਤਿਕਾਰਤ ਸਿੱਖ ਯੋਧੇ, ਬੰਦਾ ਸਿੰਘ ਬਹਾਦਰ ਦੀ ਵਿਰਾਸਤ ਨੂੰ ਯਾਦ ਕਰਦਾ ਹੈ। ਇਹ ਗੁਰਦੁਆਰਾ ਸਿੱਖ ਇਤਿਹਾਸ ਵਿਚ ਉਸ ਦੀ ਅਹਿਮ ਭੂਮਿਕਾ ਅਤੇ ਸਰਹਿੰਦ ਵਿਚ ਸਿੱਖ ਰਾਜ ਦੀ ਸਥਾਪਨਾ ਨੂੰ ਸ਼ਰਧਾਂਜਲੀ ਭੇਟ ਕਰਦਾ ਹੈ। ਗੁੰਝਲਦਾਰ ਆਰਕੀਟੈਕਚਰ ਬੰਦਾ ਸਿੰਘ ਬਹਾਦਰ ਦੇ ਯੋਗਦਾਨ ਦੀ ਇਤਿਹਾਸਕ ਮਹੱਤਤਾ ਨੂੰ ਦਰਸਾਉਂਦਾ ਹੈ, ਸ਼ਰਧਾਲੂਆਂ ਨੂੰ ਸਿੱਖ ਵਿਰਾਸਤ ਨਾਲ ਜੁੜਨ ਲਈ ਅਧਿਆਤਮਿਕ ਸਥਾਨ ਪ੍ਰਦਾਨ ਕਰਦਾ ਹੈ।

ਗੁਰਦੁਆਰਾ ਮਾਤਾ ਸੁੰਦਰੀ, ਦਿੱਲੀ ਦੇ ਗੁਰਦੁਆਰਾ ਬੰਗਲਾ ਸਾਹਿਬ ਦੇ ਨੇੜੇ ਸਥਿਤ ਹੈ, ਗੁਰੂ ਗੋਬਿੰਦ ਸਿੰਘ ਦੀ ਪਤਨੀ ਮਾਤਾ ਸੁੰਦਰੀ ਜੀ ਨੂੰ ਸਮਰਪਿਤ ਹੈ। ਗੁਰਦੁਆਰਾ ਸਿੱਖ ਔਰਤਾਂ ਦੀ ਤਾਕਤ ਅਤੇ ਲਚਕੀਲੇਪਣ ਦੇ ਪ੍ਰਤੀਕ ਵਜੋਂ ਕੰਮ ਕਰਦਾ ਹੈ। ਮਾਤਾ ਸੁੰਦਰੀ ਜੀ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ-ਜੋਤਿ ਸਮਾਉਣ ਤੋਂ ਬਾਅਦ ਸਿੱਖ ਗੁਰੂਆਂ ਦੀਆਂ ਸਿੱਖਿਆਵਾਂ ਨੂੰ ਸੰਭਾਲਣ ਅਤੇ ਪ੍ਰਚਾਰਨ ਵਿੱਚ ਅਹਿਮ ਭੂਮਿਕਾ ਨਿਭਾਈ। ਗੁਰਦੁਆਰਾ ਸਿੱਖ ਧਰਮ ਪ੍ਰਤੀ ਉਸਦੀ ਅਟੁੱਟ ਵਚਨਬੱਧਤਾ ਦੇ ਪ੍ਰਮਾਣ ਵਜੋਂ ਖੜ੍ਹਾ ਹੈ।






ਗੁਰਦੁਆਰਾ ਬਾਲਾ ਸਾਹਿਬ, ਦਿੱਲੀ ਵਿੱਚ ਸਥਿਤ, ਅੱਠਵੇਂ ਸਿੱਖ ਗੁਰੂ, ਗੁਰੂ ਹਰਿਕ੍ਰਿਸ਼ਨ ਨਾਲ ਸਬੰਧਤ ਇੱਕ ਪਵਿੱਤਰ ਅਸਥਾਨ ਹੈ। ਗੁਰਦੁਆਰਾ ਉਸ ਸਥਾਨ 'ਤੇ ਸਥਿਤ ਹੈ ਜਿੱਥੇ ਗੁਰੂ ਹਰਿਕ੍ਰਿਸ਼ਨ ਜੀ ਨੇ ਆਪਣਾ ਸਰੀਰ ਛੱਡਿਆ ਸੀ। ਸ਼ਾਂਤ ਮਾਹੌਲ ਅਤੇ ਇਤਿਹਾਸਕ ਮਹੱਤਤਾ ਗੁਰਦੁਆਰਾ ਬਾਲਾ ਸਾਹਿਬ ਨੂੰ ਸਿੱਖਾਂ ਲਈ ਇੱਕ ਸਤਿਕਾਰਯੋਗ ਸਥਾਨ ਬਣਾਉਂਦੀ ਹੈ। ਕੰਪਲੈਕਸ ਵਿੱਚ ਇੱਕ ਸਰੋਵਰ ਸ਼ਾਮਲ ਹੈ, ਜੋ ਅਧਿਆਤਮਿਕ ਤਸੱਲੀ ਦੀ ਮੰਗ ਕਰਨ ਵਾਲੇ ਸ਼ਰਧਾਲੂਆਂ ਲਈ ਇੱਕ ਸ਼ਾਂਤਮਈ ਵਾਪਸੀ ਦੀ ਪੇਸ਼ਕਸ਼ ਕਰਦਾ ਹੈ।

ਦਿੱਲੀ ਵਿੱਚ ਗੁਰਦੁਆਰਾ ਮੋਤੀ ਬਾਗ ਸਾਹਿਬ ਇਤਿਹਾਸਕ ਮਹੱਤਵ ਰੱਖਦਾ ਹੈ ਕਿਉਂਕਿ ਇਹ ਉਸ ਸਥਾਨ ਦੀ ਨਿਸ਼ਾਨਦੇਹੀ ਕਰਦਾ ਹੈ ਜਿੱਥੇ ਗੁਰੂ ਗੋਬਿੰਦ ਸਿੰਘ ਜੀ ਨਾਂਦੇੜ ਵੱਲ ਵਧਦੇ ਸਮੇਂ ਰੁਕੇ ਸਨ। ਗੁਰਦੁਆਰੇ ਦੀ ਸਥਾਪਨਾ ਗੁਰੂ ਜੀ ਦੀ ਫੇਰੀ ਦੀ ਯਾਦ ਵਿੱਚ ਕੀਤੀ ਗਈ ਸੀ, ਅਤੇ ਇਸਦੀ ਆਰਕੀਟੈਕਚਰ ਸਿੱਖ ਵਿਰਾਸਤ ਨੂੰ ਦਰਸਾਉਂਦੀ ਹੈ। ਗੁਰੂ ਗੋਬਿੰਦ ਸਿੰਘ ਜੀ ਦੀ ਅਧਿਆਤਮਿਕ ਯਾਤਰਾ ਨਾਲ ਜੁੜਨ ਅਤੇ ਉਨ੍ਹਾਂ ਦੀਆਂ ਸਿੱਖਿਆਵਾਂ ਤੋਂ ਪ੍ਰੇਰਨਾ ਲੈਣ ਲਈ ਸ਼ਰਧਾਲੂ ਗੁਰਦੁਆਰਾ ਮੋਤੀ ਬਾਗ ਸਾਹਿਬ ਦੇ ਦਰਸ਼ਨ ਕਰਦੇ ਹਨ।




ਗੁਰਦੁਆਰਾ ਦਮਦਮਾ ਸਾਹਿਬ ਸਭ ਤੋਂ ਪਹਿਲਾਂ ਸਰਦਾਰ ਭਾਗਲ ਸਿੰਘ ਦੁਆਰਾ 1783 ਵਿੱਚ ਬਣਾਇਆ ਗਿਆ ਸੀ ਜਦੋਂ ਉਸਦੀ ਕਮਾਂਡ ਹੇਠ ਇੱਕ ਵੱਡੀ ਸਿੱਖ ਫੌਜ ਨੇ ਦਿੱਲੀ ਨੂੰ ਜਿੱਤ ਲਿਆ ਸੀ। ਪਹਿਲਾਂ ਤਾਂ ਇਹ ਛੋਟਾ ਜਿਹਾ ਗੁਰਦੁਆਰਾ ਸੀ। ਬਾਅਦ ਵਿੱਚ ਮਹਾਰਾਜਾ ਰਣਜੀਤ ਸਿੰਘ ਨੇ ਗੁਰਦੁਆਰੇ ਦੇ ਨਵੀਨੀਕਰਨ ਲਈ ਆਪਣੇ ਅਧਿਕਾਰੀਆਂ ਨੂੰ ਸੌਂਪਿਆ। ਸਿੱਟੇ ਵਜੋਂ, ਇੱਕ ਡਿਉੜੀ (ਸਿੱਖ ਆਰਕੀਟੈਕਚਰਲ ਢਾਂਚਾ) ਦਾ ਨਿਰਮਾਣ ਕੀਤਾ ਗਿਆ ਸੀ, ਜਿਸ ਵਿੱਚ ਪੁਜਾਰੀਆਂ ਅਤੇ ਸ਼ਰਧਾਲੂਆਂ ਲਈ ਇਮਾਰਤਾਂ ਸ਼ਾਮਲ ਸਨ। 1984 ਵਿੱਚ, ਇੱਕ ਨਵੀਂ ਇਮਾਰਤ ਬਣਾਈ ਗਈ ਸੀ. ਹਰ ਸਾਲ, ਹਜ਼ਾਰਾਂ ਸ਼ਰਧਾਲੂ ਹੋਲਾ ਮੁਹੱਲਾ ਨਾਮਕ ਤਿਉਹਾਰ ਮਨਾਉਣ ਲਈ ਇੱਥੇ ਇਕੱਠੇ ਹੁੰਦੇ ਹਨ।

ਦਿੱਲੀ ਵਿੱਚ ਯਮੁਨਾ ਨਦੀ ਦੇ ਕਿਨਾਰੇ ਸਥਿਤ ਗੁਰਦੁਆਰਾ ਮਜਨੂੰ ਕਾ ਟਿੱਲਾ, ਗੁਰੂ ਨਾਨਕ ਦੇਵ ਜੀ ਦੀ ਯਾਤਰਾ ਦੀ ਯਾਦ ਦਿਵਾਉਂਦਾ ਹੈ। ਸਿੱਖ ਪਰੰਪਰਾ ਦੇ ਅਨੁਸਾਰ, ਮਜਨੂੰ ਨਾਮ ਦੇ ਇੱਕ ਸੂਫੀ ਰਹੱਸਵਾਦੀ ਨੇ ਇਸ ਸਥਾਨ 'ਤੇ ਗੁਰੂ ਨਾਨਕ ਦੇਵ ਜੀ ਦਾ ਸਾਹਮਣਾ ਕੀਤਾ, ਅਤੇ ਉਹਨਾਂ ਦੇ ਆਪਸੀ ਤਾਲਮੇਲ ਦਾ ਸਨਮਾਨ ਕਰਨ ਲਈ ਗੁਰਦੁਆਰਾ ਸਥਾਪਿਤ ਕੀਤਾ ਗਿਆ ਸੀ। ਗੁਰਦੁਆਰੇ ਦੀ ਬਣਤਰ ਦੀ ਸਾਦਗੀ ਗੁਰੂ ਨਾਨਕ ਦੁਆਰਾ ਉਪਦੇਸ਼ ਦੀ ਨਿਮਰਤਾ ਅਤੇ ਸ਼ਮੂਲੀਅਤ ਨੂੰ ਦਰਸਾਉਂਦੀ ਹੈ, ਜੋ ਅਧਿਆਤਮਿਕ ਸਦਭਾਵਨਾ ਦੀ ਮੰਗ ਕਰਨ ਵਾਲੇ ਸ਼ਰਧਾਲੂਆਂ ਨੂੰ ਆਕਰਸ਼ਿਤ ਕਰਦੀ ਹੈ।





ਦਿੱਲੀ ਵਿੱਚ ਸਥਿਤ ਗੁਰਦੁਆਰਾ ਨਾਨਕ ਪਿਆਓ ਸਾਹਿਬ, ਪਹਿਲੇ ਸਿੱਖ ਗੁਰੂ, ਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਹੈ। ਮੰਨਿਆ ਜਾਂਦਾ ਹੈ ਕਿ ਗੁਰਦੁਆਰਾ ਉਸ ਥਾਂ 'ਤੇ ਬਣਾਇਆ ਗਿਆ ਸੀ ਜਿੱਥੇ ਗੁਰੂ ਨਾਨਕ ਦੇਵ ਜੀ ਨੇ ਲੋੜਵੰਦਾਂ ਨੂੰ ਭੋਜਨ ਵੰਡਿਆ ਸੀ। ਗੁਰਦੁਆਰੇ ਦੇ ਇਤਿਹਾਸ ਵਿੱਚ ਨਿਰਸਵਾਰਥ ਸੇਵਾ ਦਾ ਸਦੀਵੀ ਕਾਰਜ ਦਰਜ ਹੈ, ਇਸ ਨੂੰ ਹਮਦਰਦੀ ਅਤੇ ਭਾਈਚਾਰਕ ਸਾਂਝ ਦਾ ਸਥਾਨ ਬਣਾਉਂਦਾ ਹੈ। ਸ਼ਰਧਾਲੂ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਨਾਲ ਜੁੜਨ ਅਤੇ ਸਾਂਝ ਅਤੇ ਦੇਖਭਾਲ ਦੀ ਭਾਵਨਾ ਵਿੱਚ ਹਿੱਸਾ ਲੈਣ ਲਈ ਗੁਰਦੁਆਰਾ ਨਾਨਕ ਪਿਆਓ ਸਾਹਿਬ ਜਾਂਦੇ ਹਨ।